Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 313 | 05/05/2026 | www.samajweekly.com | samajweekly | @samajweekly | samajweekly

# ਇਰਾਨ ਵਲੋਂ ਮੁੜ ਹਮਲੇ ਸ਼ੁਰੂ : ਯੂ.ਏ.ਈ. ਦੇ ਤੇਲ ਪਲਾਂਟ ਉਤੇ ਡਰੋਨ ਹਮਲਾ, 3 ਭਾਰਤੀ ਜ਼ਖ਼ਮੀ

**●ਯੂ.ਏ.ਈ. ਦੇ ਤੇਲ ਪਲਾਂਟ ਉਤੇ ਡਰੋਨ ਹਮਲਾ ●ਫੁਜੈਰਾਹ ਵਿਚ ਇਕ ਪ੍ਰਮੁੱਖ ਤੇਲ ਸਹੂਲਤ ਉਤੇ ਹੋਏ ਡਰੋਨ ਹਮਲੇ ਵਿਚ ਤਿੰਨ ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ**

**ਦੁਬਈ :** ਖਾੜੀ ਖੇਤਰ ਵਿਚ ਤਣਾਅ ਇਕ ਵਾਰ ਫਿਰ ਗੰਭੀਰ ਰੂਪ ਧਾਰਨ ਕਰ ਗਿਆ ਹੈ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਸੋਮਵਾਰ ਨੂੰ ਦਸਿਆ ਕਿ ਅਪ੍ਰੈਲ ਦੀ ਸ਼ੁਰੂਆਤ ਵਿਚ ਹੋਈ ਜੰਗਬੰਦੀ ਤੋਂ ਬਾਅਦ ਪਹਿਲੀ ਵਾਰ ਇਰਾਨ ਨੇ ਸਿੱਧੇ ਹਮਲੇ ਕੀਤੇ ਹਨ। ਫੁਜੈਰਾਹ ਵਿਚ ਇਕ ਪ੍ਰਮੁੱਖ ਤੇਲ ਸਹੂਲਤ ਉਤੇ ਹੋਏ ਡਰੋਨ ਹਮਲੇ ਵਿਚ ਤਿੰਨ ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ ਹਨ। ਇਹ ਹਮਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਹੋਰਮੁਜ਼ ਜਲਡਮਰੂਮੱਧ ਨੂੰ ਮੁੜ ਖੋਲ੍ਹਣ ਦੀਆਂ ਕੋਸ਼ਿਸ਼ਾਂ ਦੇ ਜਵਾਬ ਵਿਚ ਵੇਖੇ ਜਾ ਰਹੇ ਹਨ। ਟਰੰਪ ਨੇ ਚੇਤਾਵਨੀ ਦਿਤੀ ਹੈ ਕਿ ਜੇਕਰ ਇਰਾਨ ਨੇ ਰੁਕਾਵਟ ਪਾਈ ਤਾਂ ਇਸ ਨਾਲ ਸਖ਼ਤੀ ਨਾਲ ਨਜਿੱਠਣਾ ਪਵੇਗਾ। ਉਨ੍ਹਾਂ ਨੇ 'ਪ੍ਰਾਜੈਕਟ ਫਰੀਡਮ' ਦਾ ਐਲਾਨ ਕਰਦਿਆਂ ਕਿਹਾ ਕਿ ਇਸ ਦਾ ਮਕਸਦ ਫਸੇ ਹੋਏ ਸਮੁੰਦਰੀ ਜਹਾਜ਼ਾਂ ਦੀ ਮਦਦ ਕਰਨਾ ਹੈ। ਦੂਜੇ ਪਾਸੇ, ਇਰਾਨ ਦੇ ਮੇਜਰ ਜਨਰਲ ਅਲੀ ਅਬਦੁੱਲਾਹੀ ਨੇ ਸਖ਼ਤ ਲਹਿਜੇ ਵਿਚ ਕਿਹਾ, ''ਅਸੀਂ ਚੇਤਾਵਨੀ



ਦਿੰਦੇ ਹਾਂ ਕਿ ਕੋਈ ਵੀ ਵਿਦੇਸ਼ੀ ਫੌਜੀ ਤਾਕਤ, ਖਾਸ ਕਰ ਕੇ ਹਮਲਾਵਰ ਅਮਰੀਕੀ ਫੌਜ, ਜੋ ਹੋਰਮੁਜ਼ ਦੇ ਰਸਤੇ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰੇਗੀ, ਉਸ ਨੂੰ ਨਿਸ਼ਾਨਾ ਬਣਾਇਆ ਜਾਵੇਗਾ।'' ਬ੍ਰਿਟਿਸ਼ ਫੌਜ ਅਨੁਸਾਰ ਯੂ.ਏ.ਈ. ਦੇ ਤੱਟ ਨੇੜੇ ਦੋ ਮਾਲਵਾਹਕ ਜਹਾਜ਼ਾਂ ਨੂੰ ਵੀ ਅੱਗ ਲੱਗਣ ਦੀ ਖ਼ਬਰ ਹੈ। ਇਸ ਤਾਜ਼ਾ ਹਿੰਸਾ ਨੇ ਵਿਸ਼ਵ ਪੱਧਰ ਉਤੇ ਤੇਲ ਦੀਆਂ ਕੀਮਤਾਂ ਅਤੇ ਆਰਥਕ ਸਥਿਰਤਾ ਪ੍ਰਤੀ ਚਿੰਤਾਵਾਂ ਵਧਾ ਦਿਤੀ ਆਂ ਹਨ।

# West Bengal 'ਚ ਭਾਜਪਾ ਵੱਲੋਂ ਮਮਤਾ SIR ਕਾਰ ਨਾਲ ਖੇਲਾ

**ਨਵੀਂ ਦਿੱਲੀ/ਕੋਲਕਾਤਾ/ਚੇਨੱਈ** ਭਾਜਪਾ ਨੇ ਪੱਛਮੀ ਬੰਗਾਲ ਅਸੈਂਬਲੀ ਚੋਣਾਂ ਵਿੱਚ ਇਤਿਹ- ਾਸਕ ਜਿੱਤ ਦਰਜ ਕੀਤੀ ਹੈ। ਭਾਜਪਾ ਨੇ 294 ਮੈਂਬਰੀ ਬੰਗਾਲ ਅਸੈਂਬਲੀ ਵਿੱਚ 174 ਸੀਟਾਂ ਜਿੱਤ ਲਈਆਂ ਜਦੋਂਕਿ 34 ਸੀਟਾਂ ਉੱਤੇ ਅੱਗੇ ਹੈ। ਤ੍ਰਿਣਮੂਲ ਕਾਂਗਰਸ 80 ਸੀਟਾਂ 'ਤੇ ਸਿਮਟ ਕੇ ਰਹਿ ਗਈ। ਮੁੱਖ ਮੰਤਰੀ ਮਮਤਾ ਬੈਨਰਜੀ ਤੇ ਉਨ੍ਹਾਂ ਦੇ ਤਾਮਿਲ ਨਾਡੂ ਦੇ ਹਮਰੁਤਬਾ ਐੱਮ ਕੇ ਸਟਾਲਿਨ ਆਪੋ-ਆਪਣੇ ਹਲਕਿਆਂ ਤੋਂ ਚੋਣ ਹਾਰ ਗਏ ਜਦੋਂਕਿ ਕੇਰਲਾ ਦੇ ਮੁੱਖ ਮੰਤਰੀ ਪਿਨਾਰਈ ਵਿਜਯਨ ਨੇ ਜਿੱਤ ਦੀ ਹੈਟ੍ਰਿਕ ਲਗਾਈ। ਅਸਾਮ ਵਿੱਚ ਭਾਜਪਾ ਨੇ ਲਗਾਤਾਰ ਤੀਜੀ ਵਾਰ ਜਦੋਂਕਿ ਪੁੱਡੂਚੇਰੀ ਵਿੱਚ ਏ ਆਈ ਐੱਨ ਆਰ ਸੀ ਦੀ ਅਗਵਾਈ ਵਾਲੇ ਐੱਨ ਡੀ ਏ ਗੱਠਜੋੜ ਦੀ ਸੱਤਾ ਵਿੱਚ ਵਾਪਸੀ ਹੋਈ ਹੈ। ਤਾਮਿਲ ਨਾਡੂ ਵਿੱਚ ਅਦਾਕਾਰ ਵਿਜੈ ਦੀ ਅਗਵਾਈ ਵਾਲੀ ਟੀ ਵੀ ਕੇ (ਤਾਮਿਲ ਵੈਤਰੀ ਕੜਗਮ) 107 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਕੇਰਲਾ ਵਿੱਚ ਕਾਂਗਰਸ ਦੀ ਅਗਵਾਈ ਵਾਲਾ ਯੂ ਡੀ ਐੱਫ ਗੱਠਜੋੜ ਜੇਤੂ ਰਿਹਾ। ਮਮਤਾ ਬੈਨਰਜੀ ਨੂੰ ਭਾਜਪਾ ਦੇ ਸੁਵੇਂਦੂ ਅਧਿਕਾਰੀ ਨੇ ਭਵਾਨੀਪੁਰ ਹਲਕੇ 'ਚ 15,105 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ। ਅਧਿਕਾਰੀ ਨੇ ਨੰਦੀਗ੍ਰਾਮ ਹਲਕੇ ਤੋਂ ਵੀ ਜਿੱਤ ਦਰਜ ਕੀਤੀ ਹੈ। ਤ੍ਰਿਣਮੂਲ ਸੁਪਰੀਮੋ ਨੇ ਪਾਰਟੀ ਦੀ ਨਮੋਸ਼ੀਜਨਕ ਹਾਰ ਦਾ ਠੀਕਰਾ ਚੋਣ ਕਮਿਸ਼ਨ ਤੇ ਵੋਟਰ ਸੂਚੀਆਂ ਦੀ ਵਿਆਪਕ ਸੁਧਾਈ (ਐੱਸ ਆਈ ਆਰ) ਸਿਰ ਭੰਨਿਆ। ਉਨ੍ਹਾਂ ਕਿਹਾ ਕਿ 'ਐੱਸ ਆਈ ਆਰ' ਕਰ ਕੇ 100 ਸੀਟਾਂ 'ਤੇ ਕਥਿਤ 'ਵੋਟਾਂ ਦੀ ਲੁੱਟ' ਹੋਈ ਹੈ। ਪੱਛਮੀ ਬੰਗਾਲ 'ਚ ਭਾਜਪਾ ਦੀ ਇਹ ਪਹਿਲੀ ਸਰਕਾਰ ਹੋਵੇਗੀ। ਭਾਜਪਾ ਦੀ ਜਿੱਤ ਨਾਲ ਤ੍ਰਿਣਮੂਲ ਕਾਂਗਰਸ ਦਾ 15 ਸਾਲਾਂ ਦੇ ਕਾਰਜਕਾਲ ਉਪਰ ਵਿਰਾਮ ਲੱਗ ਗਿਆ। ਪੱਛਮੀ ਬੰਗਾਲ ਦੀਆਂ 293 ਸੀਟਾਂ ਲਈ ਹੀ ਅੱਜ ਵੋਟਾਂ ਦੀ ਗਿਣਤੀ ਹੋਈ ਕਿਉਂਕਿ ਚੋਣ ਕਮਿਸ਼ਨ ਨੇ ਦੱਖਣੀ 24 ਪਰਗਨਾ ਜ਼ਿਲ੍ਹੇ ਦੇ ਫਾਲਟਾ ਵਿੱਚ ਵੋਟਿੰਗ ਰੱਦ ਕਰ ਦਿੱਤੀ ਸੀ। ਭਾਜਪਾ ਦਾ ਵੋਟ ਸ਼ੇਅਰ ਕਰੀਬ 45 ਫੀਸਦ ਰਿਹਾ ਜੋ ਪੰਜ ਸਾਲ ਪਹਿਲਾਂ (2021 'ਚ) 38 ਫੀਸਦ ਸੀ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਵੋਟ ਫੀਸਦ ਨੂੰ 7.06 ਫੀਸਦ ਦਾ ਖੋਰਾ ਲੱਗਾ, ਜੋ 48 ਫੀਸਦ ਤੋਂ ਡਿੱਗ ਕੇ 40.94





ਫੀਸਦ ਨੂੰ ਪਹੁੰਚ ਗਿਆ। ਭਾਜਪਾ ਉਮੀਦਵਾਰਾਂ ਨੇ ਉੱਤਰੀ ਬੰਗਾਲ ਤੋਂ ਜੰਗਲਮਹਿਲ ਅਤੇ ਸਰਹੱਦੀ ਜ਼ਿਲ੍ਹਿਆਂ ਤੋਂ ਸਨਅਤੀ ਖੇਤਰਾਂ ਲਗਪਗ ਹਰੇਕ ਥਾਂ ਲੀਡ ਦਰਜ ਕੀਤੀ ਹੈ। ਭਾਜਪਾ, ਤ੍ਰਿਣਮੂਲ ਕਾਂਗਰਸ ਦੇ ਗੜ੍ਹ ਵਿੱਚ ਸੰਨ੍ਹ ਲਾਉਣ 'ਚ ਸਫਲ ਰਹੀ। ਤ੍ਰਿਣਮੂਲ ਕਾਂਗਰਸ ਦੇ ਕਈ ਸੀਨੀਅਰ ਆਗੂ ਜਿਨ੍ਹਾਂ ਵਿੱਚ ਬਹੁਗਿਣਤੀ ਮੰਤਰੀਆਂ ਦੀ ਸੀ, ਚੋਣ ਹਾਰ ਗਏ। ਇਨ੍ਹਾਂ ਚੋਣਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਵੀ ਅਹਿਮ ਕਾਰਕ ਰਹੀ ਹੈ ਕਿਉਂਕਿ 177 ਹਲਕੇ ਅਜਿਹੇ ਹਨ, ਜਿੱਥੇ (ਵੋਟਰ ਸੂਚੀਆਂ 'ਚੋਂ) ਵੋਟਰਾਂ ਦੇ ਨਾਮ ਕੱਟਣ ਦੀ ਗਿਣਤੀ ਜਿੱਤ ਦੇ ਫਰਕ ਨਾਲੋਂ ਵੱਧ ਸੀ। ਅਸਾਮ ਵਿੱਚ ਸੱਤਾਧਾਰੀ ਐੱਨ ਡੀ ਏ ਗੱਠਜੋੜ ਨੇ 126 ਮੈਂਬਰੀ ਵਿਧਾਨ ਸਭਾ ਵਿੱਚ 102 ਸੀਟਾਂ ਜਿੱਤੀਆਂ ਹਨ, ਜੋ ਸਰਕਾਰ ਬਣਾਉਣ ਲਈ ਲੋੜੀਂਦੇ 68 ਸੀਟਾਂ ਦੇ ਜਾਦੂਈ ਅੰਕੜੇ ਤੋਂ ਵੱਧ ਹਨ। ਭਾਜਪਾ ਨੇ 81 ਸੀਟਾਂ ਜਿੱਤੀਆਂ ਹਨ ਤੇ ਪਾਰਟੀ 1 ਸੀਟ 'ਤੇ ਅੱਗੇ ਹੈ। ਗੱਠਜੋੜ ਭਾਈਵਾਲ ਬੋਡੋ ਪੀਪਲਜ਼ ਫਰੰਟ (ਬੀ ਪੀ ਐੱਫ) ਤੇ ਅਸਮ ਗਣ ਪਰਿਸ਼ਦ (ਏ ਜੀ ਪੀ) ਨੇ 10-10 ਸੀਟਾਂ ਜਿੱਤ ਲਈਆਂ ਸਨ। ਵਿਰੋਧੀ ਧਿਰ 'ਚੋਂ ਕਾਂਗਰਸ ਨੇ 18 ਸੀਟਾਂ ਜਿੱਤ ਲਈਆਂ ਸਨ ਤੇ ਪਾਰਟੀ ਉਮੀਦਵਾਰ 1 ਸੀਟ 'ਤੇ ਅੱਗੇ ਸੀ। ਏ ਆਈ ਯੂ ਡੀ ਐੱਫ, ਰਾਇਜੋਰ ਦਲ ਤੇ ਤ੍ਰਿਣਮੂਲ ਕਾਂਗਰਸ ਨੇ ਕ੍ਰਮਵਾਰ 2, 2 ਤੇ ਇਕ ਸੀਟ ਜਿੱਤ ਲਈ ਸੀ। ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਜਾਲੁਕਬਾਰੀ ਹਲਕੇ ਤੋਂ ਕਾਂਗਰਸ ਦੀ ਬਿਦਿਸ਼ਾ ਨਿਓਗ ਨੂੰ 89,434 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ। ਕਾਂਗਰਸ ਦੇ ਸੂਬਾਈ ਪ੍ਰਧਾਨ ਗੌਰਵ ਗੋਗੋਈ ਨੂੰ ਵੱਡਾ ਝਟਕਾ ਲੱਗਾ। ਉਹ ਜੋਰਹਾਟ ਹਲਕੇ ਤੋਂ ਮੌਜੂਦਾ ਭਾਜਪਾ ਵਿਧਾਇਕ ਹਿਤੇਂਦਰਨਾਥ ਗੋਸਵਾਮੀ ਕੋਲੋਂ 23,181 ਵੋਟਾਂ ਨਾਲ ਹਾਰ ਗਏ। ਤਾਮਿਲ ਅਦਾਕਾਰ ਵਿਜੈ ਦੀ ਪਾਰਟੀ ਤਾਮਿਲ ਵੇਤਰੀ ਕੜਗਮ (ਟੀ ਵੀ ਕੇ) ਨੇ ਤਾਮਿਲ ਨਾਡੂ ਵਿੱਚ ਚੋਣ ਸਰਵੇਖਣਾਂ ਦੇ ਉਲਟ ਵੱਡੀ ਜਿੱਤ ਦਰਜ ਕਰਦਿਆਂ 107 ਸੀਟਾਂ ਉੱਤੇ ਜਿੱਤ ਦਰਜ ਕੀਤੀ ਹੈ। ਪਾਰਟੀ ਨੇ ਸਾਰੀਆਂ 234 ਸੀਟਾਂ ਲਈ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਸਨ, ਪਰ ਸੇਲਮ ਦੇ ਏੜਾਪਾੜੀ ਵਿੱਚ ਤਕਨੀਕੀ ਅਧਾਰ ਉੱਤੇ ਉਮੀਦਵਾਰ ਦੀ ਨਾਮਜ਼ਦਗੀ ਰੱਦ ਹੋ ਗਈ ਸੀ। ਵਿਜੈ ਨੇ ਪੇਰਾਂਬੁਰ ਤੇ ਤਿਰੂਚਰਾਪੱਲੀ (ਪੂਰਬੀ) ਦੋਵਾਂ ਸੀਟਾਂ ਤੋਂ ਜਿੱਤ ਦਰਜ ਕੀਤੀ। ਸੱਤਾਧਾਰੀ ਡੀ ਐੱਮ ਕੇ 60 ਸੀਟਾਂ ਨਾਲ ਦੂਜੇ ਸਥਾਨ ਉੱਤੇ ਹਨ। ਪਾਰਟੀ ਪ੍ਰਧਾਨ ਤੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਚੇਨੱਈ ਦੀ ਕੋਲਾਥੁਰ ਸੀਟ ਤੋਂ ਟੀ ਵੀ ਕੇ ਦੇ ਵੀ ਐੱਸ ਬਾਬੂ ਕੋਲੋਂ 8795 ਵੋਟਾਂ ਨਾਲ ਹਾਰ ਗਏ। ਕੇਰਲਾ ਵਿੱਚ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਜਮਹੂਰੀ ਗੱਠਜੋੜ (ਯੂ ਡੀ ਐੱਫ) ਨੇ ਸੱਤਾ ਵਿੱਚ ਵਾਪਸੀ ਕੀਤੀ ਹੈ। 140 ਮੈਂਬਰੀ ਸਦਨ ਵਿੱਚ ਕਾਂਗਰਸ ਨੇ 63 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ ਤੇ ਉਸ ਦੇ ਅਹਿਮ ਭਾਈਵਾਲ ਆਈ ਯੂ ਐੱਮ ਐੱਲ ਨੇ 22 ਸੀਟਾਂ ਜਿੱਤੀਆਂ। ਸੱਤਾਧਾਰੀ ਸੀ ਪੀ ਆਈ (ਐੱਮ) ਨੇ 22, ਸੀ ਪੀ ਐੱਮ ਨੇ 8 ਤੇ ਕੇ ਈ ਸੀ ਨੇ 7 ਸੀਟਾਂ ਜਿੱਤੀਆਂ। ਯੂ ਡੀ ਐੱਫ ਨੇ ਪਿਛਲੇ ਦਸ ਸਾਲਾਂ ਤੋਂ ਸੱਤਾ ਉੱਤੇ ਕਾਬਜ਼ ਸੀ ਪੀ ਆਈ (ਐੱਮ) ਦੀ ਅਗਵਾਈ ਵਾਲੇ ਐੱਲ ਡੀ ਐੱਫ ਗੱਠਜੋੜ ਨੂੰ ਸੱਤਾ 'ਚੋਂ ਬਾਹਰ ਕੀਤਾ ਹੈ। ਮੁੱਖ ਮੰਤਰੀ ਪਿਨਾਰਈ ਵਿਜਯਨ ਨੇ ਧਰਮਾਦਮ ਸੀਟ ਤੋਂ ਜਿੱਤ ਦੀ ਹੈਟ੍ਰਿਕ ਲਾਈ ਹੈ। ਵਿਜਯਨ ਨੇ ਇਸ ਸੀਟ ਤੋਂ ਕਾਂਗਰਸ ਦੇ ਐਡਵੋਕੇਟ ਵੀ ਪੀ ਅਬਦੁਲ ਰਸ਼ੀਦ ਨੂੰ 19247 ਵੋਟਾਂ ਨਾਲ ਹਰਾਇਆ। ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ਵਿੱਚ ਏ ਆਈ ਐੱਨ ਆਰ ਸੀ ਦੀ ਅਗਵਾਈ ਵਾਲੇ ਐੱਨ ਡੀ ਏ ਗੱਠਜੋੜ ਦੀ ਲਗਾਤਾਰ ਦੂਜੇ ਸਾਲ ਸੱਤਾ 'ਚ ਵਾਪਸੀ ਹੋਈ ਹੈ। ਗੱਠਜੋੜ ਵਿੱਚ ਸ਼ਾਮਲ, ਏ ਆਈ ਐੱਨ ਆਰ ਸੀ, ਭਾਜਪਾ ਤੇ ਅੰਨਾ ਡੀ ਐੱਮ ਕੇ ਨੇ 30 ਮੈਂਬਰੀ ਸਦਨ ਵਿੱਚ 17 ਸੀਟਾਂ ਜਿੱਤੀਆਂ ਹਨ। ਡੀ ਐੱਮ ਕੇ ਨੂੰ 5 ਤੇ ਟੀ ਵੀ ਕੇ ਨੂੰ ਇਕ ਸੀਟ ਮਿਲੀ ਹੈ।

# ਬਿਹਾਰ 'ਚ ਵਿਕਰਮਸ਼ਿਲਾ ਪੁਲ ਟੁੱਟਿਆ, 16 ਜ਼ਿਲ੍ਹਿਆਂ ਦਾ ਪ੍ਰਭਾਵਿਤ ਹੋਇਆ ਸੰਪਰਕ

**ਭਾਗਲਪੁਰ।** ਬਿਹਾਰ ਦੇ ਭਾਗਲਪੁਰ ਵਿਚ 4.7 ਕਿਲੋਮੀਟਰ ਲੰਬੇ ਵਿਕਰਮਸ਼ਿਲਾ ਪੁਲ ਦਾ 34 ਮੀਟਰ ਹਿੱਸਾ ਗੰਗਾ ਵਿਚ ਡਿੱਗ ਗਿਆ। ਖੁਸ਼ਕਿਸਮਤੀ ਨਾਲ, ਪ੍ਰਸ਼ਾਸਨ ਨੇ ਪਹਿਲਾਂ ਹੀ ਆਵਾਜਾਈ ਰੋਕ ਦਿੱਤੀ ਸੀ, ਜਿਸ ਨਾਲ ਇੱਕ ਵੱਡਾ ਹਾਦਸਾ ਟਲ ਗਿਆ। ਇਸ ਘਟਨਾ ਨੇ ਸੀਮਾਂਚਲ ਸਮੇਤ ਲਗਭਗ 16 ਜ਼ਿਲ੍ਹਿਆਂ ਨਾਲ ਸੰਪਰਕ ਪ੍ਰਭਾਵਿਤ ਕੀਤਾ ਹੈ ਅਤੇ ਲਗਭਗ 100,000 ਲੋਕਾਂ ਦੇ ਰੋਜ਼ਾਨਾ ਆਉਣ-ਜਾਣ ਨੂੰ ਪ੍ਰਭਾਵਿਤ ਕੀਤਾ ਹੈ। ਪਿਛਲੇ 10 ਸਾਲਾਂ ਵਿੱਚ ਇਸ ਪੁਲ ਦੀ ਤਿੰਨ ਵਾਰ ਮੁਰੰਮਤ ਕੀਤੀ ਗਈ ਹੈ, ਹਾਲ ਹੀ ਵਿੱਚ ਮਾਰਚ 2026 ਵਿੱਚ ਕੀਤੀ ਗਈ। ਇਹ ਪੁਲ ਉੱਤਰ ਪ੍ਰਦੇਸ਼ ਪੁਲ ਨਿਗਮ ਦੁਆਰਾ ਬਣਾਇਆ ਗਿਆ ਸੀ। ਸੜਕ ਨਿਰਮਾਣ ਵਿਭਾਗ ਨੇ ਲਾਪਰਵਾਹੀ ਲਈ ਕਾਰਜਕਾਰੀ ਇੰਜੀਨੀਅਰ ਨੂੰ ਮੁਅੱਤਲ ਕਰ ਦਿੱਤਾ ਹੈ। ਬਿਹਾਰ ਸਟੇਟ ਬ੍ਰਿਜ



ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਡਾ. ਚੰਦਰਸ਼ੇਖਰ ਨੇ ਕਿਹਾ, "ਭਾਗਲਪੁਰ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਚੌਕਸੀ ਕਾਰਨ ਇੱਕ ਵੱਡੀ ਘਟਨਾ ਟਲ ਗਈ।" ਜੇਕਰ ਪੁਲਿਸ ਪ੍ਰਸ਼ਾਸਨ ਸਮੇਂ ਸਿਰ ਸੁਚੇਤ ਨਾ ਹੁੰਦਾ, ਤਾਂ ਬਹੁਤ ਸਾਰੀਆਂ ਜਾਨਾਂ ਅਤੇ ਜਾਇਦਾਦ ਦਾ ਨੁਕਸਾਨ ਹੋ ਸਕਦਾ ਸੀ। ਅਸੀਂ ਇੱਕ ਡੀਪੀਆਰ ਤਿਆਰ ਕੀਤੀ ਅਤੇ ਇਸਨੂੰ ਰੱਖ-ਰਖਾਅ ਲਈ ਭੇਜਿਆ। ਮੁੱਖ ਮੰਤਰੀ ਨੇ ਰੱਖਿਆ ਮੰਤਰੀ ਨਾਲ ਗੱਲ ਕੀਤੀ ਹੈ। ਪੁਲ ਦੀ ਮੁਰੰਮਤ ਦੇ ਕੰਮ ਵਿੱਚ ਫੌਜ ਦੀ ਮਦਦ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਥਾਨਕ ਲੋਕਾਂ ਲਈ ਵਿਕਲਪਕ ਪ੍ਰਬੰਧ ਕੀਤੇ ਜਾ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਪੁੱਲ ਦਾ ਇਕ ਹਿੱਸਾ ਬੀਤੀ ਸ਼ਾਮ ਨੂੰ ਢਹਿ ਗਿਆ। ਫਿਰ ਬਾਅਦ ਵਿੱਚ ਰਾਤ ਨੂੰ ਇੱਕ ਵੱਡਾ ਹਿੱਸਾ ਗੰਗਾ ਵਿੱਚ ਡਿੱਗ ਗਿਆ। ਉਸ ਸਮੇਂ ਪੁਲ 'ਤੇ ਵਾਹਨਾਂ ਦੀ ਇੱਕ ਲੰਬੀ ਲਾਈਨ ਲੱਗੀ ਹੋਈ ਸੀ। ਹਾਲਾਂਕਿ, ਪੁਲਿਸ ਦੀ ਚੌਕਸੀ ਨੇ ਇੱਕ ਵੱਡਾ ਹਾਦਸਾ ਹੋਣ ਤੋਂ ਟਾਲ ਦਿੱਤਾ। ਬ੍ਰਿਜ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅਯੁੱਧਿਆ ਤੋਂ ਪਰਤ ਰਹੇ ਪਰਿਵਾਰ ਦੀ ਪਲਟੀ ਕਾਰ, 6 ਲੋਕਾਂ ਦੀ ਹੋਈ ਮੌਤ

**ਨਵੀਂ ਦਿਲੀ।** ਉੱਤਰ ਪ੍ਰਦੇਸ਼ ਦੇ ਜਾਲੌਨ ਜ਼ਿਲ੍ਹੇ ਵਿੱਚ ਅੱਜ ਸਵੇਰੇ ਇੱਕ ਸੜਕ ਹਾਦਸੇ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਗੰਭੀਰ ਜ਼ਖ਼ਮੀ ਹੋ ਗਏ। ਇਹ ਹਾਦਸਾ ਝਾਂਸੀ-ਕਾਨਪੁਰ ਰਾਸ਼ਟਰੀ ਰਾਜਮਾਰਗ 'ਤੇ ਕਲਪੀ ਖੇਤਰ ਦੇ ਜੋਲਹੂਪੁਰ ਪਿੰਡ ਨੇੜੇ ਵਾਪਰਿਆ। ਪੁਲਿਸ ਦੇ ਅਨੁਸਾਰ, ਇੱਕ ਪਰਿਵਾਰ ਕਾਰ ਵਿੱਚ ਸਵਾਰ ਹੋ ਕੇ ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਲਲਿਤਪੁਰ ਵਾਪਸ ਆ ਰਿਹਾ ਸੀ। ਕਾਰ ਕੰਟਰੋਲ ਗੁਆ ਬੈਠੀ ਅਤੇ ਪਲਟ ਗਈ, ਜਿਸ



ਨਾਲ ਸਾਰੇ ਲੋਕ ਅੰਦਰ ਫਸ ਗਏ। ਸੂਚਨਾ ਮਿਲਣ 'ਤੇ, ਪੁਲਿਸ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਕਾਰ ਦਾ ਦਰਵਾਜ਼ਾ ਕੱਟ ਕੇ ਜ਼ਖ਼ਮੀਆਂ ਅਤੇ ਲਾਸ਼ਾਂ ਨੂੰ ਬਾਹਰ ਕੱਢਿਆ। ਸਾਰਿਆਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਛੇ ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ। ਬਾਕੀ ਚਾਰ ਜ਼ਖ਼ਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਹਾਦਸੇ ਕਾਰਨ ਹਾਈਵੇਅ 'ਤੇ ਲੰਮਾ ਟ੍ਰੈਫਿਕ ਜਾਮ ਲੱਗ ਗਿਆ। ਪੁਲਿਸ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਪਛਾਣ ਕਰਨ ਲਈ ਕੰਮ ਕਰ ਰਹੀ ਹੈ।

## AI ਨਾਲ ਮੁੜ ਕੀਤੀ ਗਈ ਬੇਅਦਬੀ, ਦਰਬਾਰ ਸਾਹਿਬ ਵਿਖੇ ਨੰਗੇ ਸਿਰ ਤੇ ਚੱਪਲਾਂ 'ਚ ਨਜ਼ਰ ਆਏ ਕੁਝ ਲੋਕ

### ਚੱਪਲਾਂ ਪਾ ਕੇ ਨਵੀਂ ਐਕਟਿਵਾ ਦੀ ਚਾਬੀ ਹੱਥ 'ਚ ਫੜਦੇ ਦਿਖਾਇਆ ਗਿਆ

**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਨਾਲ ਮੁੜ ਬੇਅਦਬੀ ਕੀਤੀ ਗਈ। ਇਸ ਦੀ ਤਸਵੀਰ ਵੀ ਸਾਹਮਣੇ ਆਈ ਹੈ। ਇਸ ਵਿੱਚ ਤਿੰਨ ਲੋਕ ਇੱਕ ਲੜਕਾ ਅਤੇ ਦੋ ਆਦਮੀ - ਦਰਬਾਰ ਸਾਹਿਬ ਵਿਖੇ ਨੰਗੇ ਸਿਰ ਤੇ ਚੱਪਲਾਂ 'ਚ ਨਜ਼ਰ ਆਏ। ਇੰਨਾ ਹੀ ਨਹੀਂ ਇਨ੍ਹਾਂ ਨੇ ਬੇਅਦਬੀ ਵਾਲੀ ਤਸਵੀਰ ਦਾ ਸਟੇਟਸ ਵੀ ਲਾਇਆ। ਤਿੰਨਾਂ ਨੇ ਸਿਰ ਵੀ ਨਹੀਂ ਢਕਿਆ ਹੋਇਆ ਸੀ। ਉਹ ਇੱਕ ਨਵੀਂ ਐਕਟਿਵਾ ਦੀਆਂ ਚਾਬੀਆਂ ਫੜੀ ਫੋਟੋ ਲਈ ਪੋਜ਼ ਦਿੰਦੇ ਵਿਖਾਈ ਦਿੱਤੇ। ਇਸ ਨਾਲ ਲੋਕਾਂ ਵਿੱਚ ਰੋਸ ਫੈਲ ਗਿਆ ਹੈ। ਜਦੋਂ ਸਿੱਖ ਨੇ ਫੋਨ ਕਰਕੇ ਉਸ ਆਦਮੀ ਤੋਂ ਸਵਾਲ ਕੀਤਾ, ਤਾਂ ਉਸ ਨੇ ਕਿਹਾ, "ਅਸੀਂ ਇਸ ਨੂੰ ਡਿਲੀਟ ਕਰ ਦੇਵਾਂਗੇ। ਅਸੀਂ ਮੁਆਫ਼ੀ ਮੰਗਦੇ ਹਾਂ, ਇਹ ਅਣਜਾਣੇ ਵਿੱਚ ਹੋਇਆ। ਕਿਰਪਾ ਕਰਕੇ ਸਾਨੂੰ ਮੁਆਫ਼ ਕਰੋ।" ਹਾਲਾਂਕਿ, ਇਹ ਪਹਿਲੀ ਅਜਿਹੀ ਘਟਨਾ ਨਹੀਂ ਹੈ। ਕੁਝ ਦਿਨ ਪਹਿਲਾਂ, ਇੱਕ ਏਆਈ ਵੀਡੀਓ ਬਣਾਈ ਗਈ ਸੀ ਜਿਸ ਵਿੱਚ ਇੱਕ ਪਿੰਜਰ ਨੂੰ ਪੱਗ ਬੰਨ੍ਹ ਕੇ ਪਰਿਕਰਮਾ ਕਰਦੇ ਦਿਖਾਇਆ




ਗਿਆ ਸੀ। ਉਸ ਨੂੰ ਲੰਗਰ ਹਾਲ ਵਿੱਚ ਲੰਗਰ ਛੱਕਦੇ ਵੀ ਵਿਖਾਇਆ ਗਿਆ ਸੀ ਇਸ ਦੌਰਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਵੀ ਫੋਟੋ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਘਰਵਾਲੀ ਨੂੰ ਗੋਲੀ ਮਾਰਨ ਤੋਂ ਬਾਅਦ ਪਤੀ ਨੇ ਖੁਦ ਨੂੰ ਵੀ ਮਾਰੀ ਗੋਲੀ, ਦੋਵਾਂ ਦੀ ਹੋਈ ਮੌਤ

**ਗੁਰਦਾਸਪੁਰ।** ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਫ਼ਤਿਹਗੜ੍ਹ ਚੂੜੀਆਂ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ, ਇਥੇ ਪਿੰਡ ਕਾਦੀਆਂ ਰਾਜਪੂਤਾਂ ਵਿਖੇ ਉਸ ਵੇਲੇ ਸਨਸਨੀ ਫੈਲ ਗਈ ਜਦੋਂ ਘਰਵਾਲੀ ਨੂੰ ਗੋਲੀ ਮਾਰਨ ਉਪਰੰਤ ਪਤੀ ਨੇ ਖੁਦ ਨੂੰ ਵੀ ਗੋਲੀ ਮਾਰ ਲਈ। ਗੋਲੀ ਲੱਗਣ ਨਾਲ ਦੋਵੇਂ ਪਤੀ ਪਤਨੀ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਫਤਿਹਗੜ੍ਹ ਚੂੜੀਆਂ ਦੇ ਡੀਐਸਪੀ ਲਲਿਤ ਕੁਮਾਰ ਅਤੇ ਐਸਐਚਓ ਲੱਖਵਿੰਦਰ ਸਿੰਘ ਮੌਕੇ 'ਤੇ ਪਹੁੰਚ ਗਏ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਸਬੰਧੀ ਡੀਐਸਪੀ ਲਲਿਤ ਕੁਮਾਰ ਅਤੇ ਪਰਿਵਾਰਕ ਮੈਂਬਰ ਅਤੇ ਸਰਪੰਚ ਗੁਰਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮ੍ਰਿਤਕ ਬਰਿੰਦਰ ਸਿੰਘ ਬਿੰਦਾ ਜਿਸ ਦਾ ਪਹਿਲੀ ਪਤਨੀ ਦੇ ਤਲਾਕ ਤੋਂ ਬਾਅਦ ਦੂਜਾ ਵਿਆਹ ਹੋਇਆ ਸੀ।



ਹੁਣ ਦੂਜੀ ਪਤਨੀ ਪਰਮਸਲੀਲ ਕੌਰ ਨਾਲ ਤਕਰਾਰਬਾਜ਼ੀ ਚੱਲ ਰਹੀ ਸੀ ਅਤੇ ਕੱਲ੍ਹ ਸ਼ਾਮ ਨੂੰ ਦੋਵੇਂ ਪਤੀ ਪਤਨੀ ਘਰ ਵਿਚ ਇੱਕਲੇ ਸਨ ਅਤੇ ਦੋਵਾਂ ਵਿਚਾਲੇ ਤੂੰ-ਤੂੰ ਮੈਂ-ਮੈਂ ਹੋਈ ਅਤੇ ਗੁੱਸੇ ਵਿਚ ਬਰਿੰਦਰ ਸਿੰਘ ਬਿੰਦਾ ਨੇ ਆਪਣੇ ਲਾਇਸੰਸੀ ਪਿਸਤੌਲ ਨਾਲ ਪਹਿਲਾਂ ਪਤਨੀ ਦੀ ਲੱਤ ਅਤੇ ਛਾਤੀ'ਚ ਗੋਲੀ ਮਾਰੀ ਅਤੇ ਬਾਅਦ ਵਿਚ ਆਪਣੀ ਛਾਤੀ'ਚ ਗੋਲੀ ਮਾਰ ਕੇ ਜੀਵਨ ਲੀਲਾ ਖ਼ਤਮ ਕਰ ਲਈ। ਪੁਲਿਸ ਵੱਲੋਂ ਮਾਮਲਾ ਦਰਜ ਕਰ ਦੋਵਾਂ ਲਾਸ਼ਾਂ ਨੂੰ ਕਬਜੇ'ਚ ਲੈ ਕੇ ਪੋਸਟਮਾਰਟਮ ਲਈ ਬਟਾਲਾ ਭੇਜ ਦਿੱਤਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਰੋਹਤਕ ਸਿਵਲ ਹਸਪਤਾਲ ਵਿੱਚ ਕਰਮਚਾਰੀ ਨੇ ਨਿਗਲਿਆ ਜ਼ਹਿਰ



**ਰੋਹਤਕ:** ਰੋਹਤਕ ਦੇ ਸਿਵਲ ਹਸਪਤਾਲ ਵਿੱਚ ਡਾਟਾ ਐਂਟਰੀ ਆਪਰੇਟਰ ਨੇ ਡਿਊਟੀ ਬਦਲਾਉਣ ਨੂੰ ਲੈ ਕੇ ਹੋਏ ਵਿਵਾਦ ਵਿੱਚ ਜ਼ਹਿਰੀਲਾ ਪਦਾਰਥ ਨਿਗਲ ਲਿਆ। ਔਰਤ ਨੂੰ ਤੁਰੰਤ ਐਮਰਜੈਂਸੀ ਵਿਭਾਗ ਵਿੱਚ ਭਰਤੀ ਕੀਤਾ ਗਿਆ, ਪਰ ਔਰਤ ਦੀ ਹਾਲਤ ਖਰਾਬ ਹੋਣ ਕਾਰਨ ਉਸ ਨੂੰ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ। ਔਰਤ ਦਾ ਪੀ.ਜੀ.ਆਈ. ਵਿੱਚ ਇਲਾਜ ਚੱਲ ਰਿਹਾ ਹੈ। ਔਰਤ ਦੀ ਪਛਾਣ ਪਿੰਡ ਛੋਛੀ ਵਾਸੀ ਰੇਖਾ ਵਜੋਂ ਹੋਈ ਹੈ, ਜੋ ਡਿਸਪੈਂਸਰੀ ਵਿੱਚ ਡਾਟਾ ਐਂਟਰੀ ਆਪਰੇਟਰ ਦੇ ਅਹੁਦੇ 'ਤੇ ਕੰਮ ਕਰ ਰਹੀ ਸੀ। ਇਸੇ ਦੌਰਾਨ ਡਿਊਟੀ ਬਦਲਾਉਣ ਨੂੰ ਲੈ ਕੇ ਵਿਵਾਦ ਹੋਇਆ ਤਾਂ ਰੇਖਾ ਨੇ ਡਿਸਪੈਂਸਰੀ ਵਿੱਚ ਪਿਆ ਜ਼ਹਿਰੀਲਾ ਪਦਾਰਥ 'ਕੁਇੱਕ ਫਾਸ' ਨਿਗਲ ਲਿਆ, ਜਿਸ ਨਾਲ ਉਸ ਦੀ ਸਿਹਤ ਵਿਗੜ ਗਈ। ਜ਼ਹਿਰੀਲਾ ਪਦਾਰਥ ਨਿਗਲਣ ਕਾਰਨ ਔਰਤ ਦੀ ਹਾਲਤ ਖਰਾਬ ਹੋਣ 'ਤੇ ਉਸ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਭਰਤੀ ਕਰਵਾਇਆ ਗਿਆ, ਪਰ ਔਰਤ ਦੀ ਹਾਲਤ ਜ਼ਿਆਦਾ ਖਰਾਬ ਹੋ ਗਈ, ਜਿਸ ਕਾਰਨ ਉਸ ਨੂੰ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ। ਔਰਤ ਦਾ ਪੀ.ਜੀ.ਆਈ. ਦੀ ਐਮਰਜੈਂਸੀ ਵਿੱਚ ਇਲਾਜ ਚੱਲ ਰਿਹਾ ਹੈ। ਇਸ ਮਾਮਲੇ ਵਿੱਚ ਸੀ.ਐਮ.ਓ. ਡਾ. ਰਮੇਸ਼ ਚੰਦਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਡਾ. ਰਮੇਸ਼ ਚੰਦਰ ਨਾਲ ਸੰਪਰਕ ਨਹੀਂ ਹੋ ਸਕਿਆ। ਇਸੇ ਤਰ੍ਹਾਂ ਸਿਵਲ ਹਸਪਤਾਲ ਦੇ ਡਾਕਟਰਾਂ ਨਾਲ ਵੀ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਨਾਲ ਵੀ ਕੋਈ ਸੰਪਰਕ ਨਹੀਂ ਹੋ ਸਕਿਆ।

**ਪੁਲਿਸ ਮਾਮਲੇ ਦੀ ਕਰ ਰਹੀ ਹੈ ਜਾਂਚ**

ਆਰੀਆ ਨਗਰ ਥਾਣਾ ਪੁਲਿਸ ਨੇ ਦੱਸਿਆ ਕਿ ਇੱਕ ਔਰਤ ਵੱਲੋਂ ਜ਼ਹਿਰੀਲਾ ਪਦਾਰਥ ਨਿਗਲਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਔਰਤ ਦਾ ਹੁਣ ਪੀ.ਜੀ.ਆਈ. ਵਿੱਚ ਇਲਾਜ ਚੱਲ ਰਿਹਾ ਹੈ। ਔਰਤ ਦੇ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਖੜ੍ਹੇ ਟਰੱਕ ਨਾਲ ਟਕਰਾਈ ਕਾਰ, 6 ਵਿਅਕਤੀਆਂ ਦੀ ਮੌਤ, 4 ਗੰਭੀਰ ਜ਼ਖਮੀ

**ਕਾਲਪੀ।** ਉੱਤਰ ਪ੍ਰਦੇਸ਼ ਦੇ ਜਾਲੌਨ ਜ਼ਿਲ੍ਹੇ ਦੇ ਕਾਲਪੀ ਇਲਾਕੇ ਵਿੱਚ ਅੱਜ ਖੜ੍ਹੇ ਟਰੱਕ ਨਾਲ ਕਾਰ ਟਕਰਾਉਣ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ। ਪੁਲੀਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇੱਕ ਤੇਜ਼ ਰਫ਼ਤਾਰ ਐਸ.ਯੂ.ਵੀ. ਨੇ ਸੜਕ ਕਿਨਾਰੇ ਖੜ੍ਹੇ ਇੱਕ ਟਰੱਕ ਨੂੰ ਟੱਕਰ ਮਾਰ ਦਿੱਤੀ। ਇਹ ਟੱਕਰ ਇੰਨੀ ਭਿਆਨਕ ਸੀ ਕਿ ਗੱਡੀ ਦੇ ਪਰਖੱਚੇ ਉੱਡ ਗਏ ਅਤੇ ਮੌਕੇ ਤੇ ਹੀ ਛੇ ਲੋਕਾਂ ਦੀ ਮੌਤ ਹੋ ਗਈ, ਜਦਕਿ ਚਾਰ ਹੋਰ ਗੰਭੀਰ ਜ਼ਖ਼ਮੀ ਹੋ ਗਏ ਹਨ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਇਹ ਗੱਡੀ ਕਾਨਪੁਰ ਵਾਲੇ ਪਾਸੇ ਤੋਂ ਆ ਰਹੀ ਸੀ। ਪੁਲੀਸ ਦਾ ਕਹਿਣਾ ਹੈ ਕਿ ਤੇਜ਼ ਰਫ਼ਤਾਰ ਹੋਣ ਕਾਰਨ ਗੱਡੀ ਚਾਲਕ ਨੇ ਆਪਣਾ ਸੰਤੁਲਨ ਗੁਆ ਦਿੱਤਾ, ਜਿਸ ਕਾਰਨ ਬੇਕਾਬੂ ਹੋਈ



ਗੱਡੀ ਸਿੱਧੀ ਸੜਕ ਦੇ ਕਿਨ-ਾਰੇ ਖੜ੍ਹੇ ਟਰੱਕ ਦੇ ਪਿਛਲੇ ਹਿੱਸੇ ਵਿੱਚ ਜਾ ਵੜੀ। ਹਾਦਸੇ ਦਾ ਸ਼ਿਕਾਰ ਹੋਏ ਸਾਰੇ ਲੋਕ ਲਲਿਤਪੁਰ ਜ਼ਿਲ੍ਹੇ ਦੇ ਦੱਸੇ ਜਾ ਰਹੇ ਹਨ। ਪੁਲੀਸ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਬਚਾਅ ਕਾਰਜ ਸ਼ੁਰੂ ਕੀਤੇ। ਹਾਦਸੇ ਵਿੱਚ ਜ਼ਖ਼ਮੀ ਹੋਏ ਚਾਰ ਵਿਅਕਤੀਆਂ ਨੂੰ ਤੁਰੰਤ ਓਰਈ ਦੇ ਮੈਡੀਕਲ ਕਾਲਜ ਭੇਜਿਆ ਗਿਆ ਹੈ। ਡਾਕਟਰਾਂ ਵੱਲੋਂ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਦੱਸੀ ਜਾ ਰਹੀ ਹੈ ਅਤੇ ਉਹ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਸਹੀ ਪਛਾਣ ਕਰਨ ਦੀ ਪ੍ਰਕਿਰਿਆ ਹਾਲੇ ਜਾਰੀ ਹੈ ਤਾਂ ਜੋ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾ ਸਕੇ। ਪੁਲੀਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਤੇਜ਼ ਰਫਤਾਰ ਕਾਰ ਦੀ ਟੱਕਰ ਕਾਰਨ 8 ਵਿਅਕਤੀਆਂ ਦੀ ਮੌਤ

**ਲਖਨਊ,** । ਉੱਤਰ ਪ੍ਰਦੇਸ਼ ਦੇ ਅੰਬੇਡਕਰ ਨਗਰ ਵਿੱਚ ਸੜਕ ਕਿਨਾਰੇ ਇੱਕ ਜ਼ਖਮੀ ਬਾਈਕ ਸਵਾਰ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਇਕ ਤੇਜ਼ ਰਫ਼ਤਾਰ ਕਾਰ ਨੇ ਟੱਕਰ ਮਾਰ ਦਿੱਤੀ। ਇਸ ਘਟਨਾ ਦੌਰਾਨ 8 ਵਿਅਕਤੀਆਂ ਦੀ ਮੌਤ ਹੋ ਗਈ। ਇਸ ਦੌਰਾਨ ਕਈ ਹੋਰ ਜ਼ਖਮੀ ਵੀ ਹੋਏ ਹਨ। ਇਸ ਘਟਨਾ ਦੀ ਜਾਣਕਾਰੀ ਅੱਜ ਪੁਲੀਸ ਵਲੋਂ ਦਿੱਤੀ ਗਈ। ਪੁਲੀਸ ਅਨੁਸਾਰ ਇਹ ਘਟਨਾ ਬੀਤੀ ਰਾਤ 11:30 ਵਜੇ ਦੇ ਕਰੀਬ ਜਲਾਲਪੁਰ ਕੋਤਵਾਲੀ ਖੇਤਰ ਵਿੱਚ ਜਲਾਲਪੁਰ-ਅਕਬਰਪੁਰ ਸੜਕ ਤੇ ਅਸ਼ਰਫਪੁਰ ਭੂਆ ਪਿੰਡ ਨੇੜੇ ਵਾਪਰੀ ਹੈ। ਵਧੀਕ ਪੁਲੀਸ ਸੁਪਰਡੈਂਟ (ਪੂਰਬੀ) ਤੇਜਵੀਰ ਸਿੰਘ ਨੇ ਦੱਸਿਆ ਕਿ ਦੋ ਮੋਟਰਸਾਈਕਲਾਂ ਵਿਚਕਾਰ ਟੱਕਰ ਵਿੱਚ ਦੋ ਲੋਕ ਜ਼ਖਮੀ ਹੋ ਗਏ ਸਨ ਅਤੇ ਸਥਾਨਕ ਲੋਕ ਉਨ੍ਹਾਂ ਦੀ ਮਦਦ ਲਈ ਮੌਕੇ ਤੇ ਇਕੱਠੇ ਹੋ ਗਏ ਸਨ, ਜਦੋਂ ਇੱਕ ਤੇਜ਼ ਰਫ਼ਤਾਰ ਕਾਰ ਭੀੜ ਨੂੰ ਕੁਚਲ ਗਈ। ਉਨ੍ਹਾਂ ਕਿਹਾ ਕਿ ਜ਼ਖਮੀਆਂ ਨੂੰ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਛੇ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਕਿਹਾ ਕਿ ਦੋ ਹੋਰ



ਗੰਭੀਰ ਜ਼ਖਮੀਆਂ ਨੂੰ ਜ਼ਿਲ੍ਹਾ ਹਸਪਤਾਲ ਅਤੇ ਬਾਅਦ ਵਿੱਚ ਟਾਂਡਾ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਕੈਫੀ (32), ਉੱਤਮ ਕੁਮਾਰ (24), ਆਦਿਤਿਆ ਕੁਮਾਰ (25), ਲਾਲਚੰਦ (24), ਰਾਜੂ ਗੁਪਤਾ (32) ਅਤੇ ਛੋਟੂ ਵਜੋਂ ਹੋਈ ਹੈ, ਜਦੋਂ ਕਿ ਦੋ ਹੋਰਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਪੁਲੀਸ ਅਨੁਸਾਰ, ਹਾਦਸੇ ਤੋਂ ਬਾਅਦ ਕਾਰ ਦਾ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ ਅਤੇ ਉਸਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਲਿਜਾਇਆ ਗਿਆ ਹੈ ਅਤੇ ਵਿਸਥਾਰਤ ਜਾਂਚ ਕੀਤੀ ਜਾ ਰਹੀ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਬਾਈਟਐਕਸਐਲ ਨਾਲ ਸਕਿੱਲਿੰਗ ਪਾਰਟਨਰ ਵਜੋਂ ਸਮਝੌਤਾ ਕੀਤਾ

**ਨਵਾਂਸ਼ਹਿਰ /ਕਾਠਗੜ੍ਹ 4 ਮਈ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ (ਐਲਟੀਐਸਯੂ) ਨੇ ਬਾਈਟਐਕਸਐਲ ਨਾਲ ਆਪਣੇ ਅਧਿਕਾਰਤ ਸਕਿੱਲਿੰਗ ਪਾਰਟਨਰ ਵਜੋਂ ਇੱਕ ਸਮਝੌਤਾ (ਐਮਓਯੂ) 'ਤੇ ਹਸਤਾਖਰ ਕੀਤੇ ਹਨ, ਜੋ ਕਿ ਗਲੋਬਲ ਇੰਡਸਟਰੀ ਲੀਡਰਾਂ ਮਾਈਕ੍ਰੋਸਾਫਟ ਅਤੇ ਕੇਪੀਐਮਜੀ ਦੇ ਸਹਿਯੋਗ ਨਾਲ, ਉੱਭਰ ਰਹੀਆਂ ਨੌਕਰੀਆਂ ਲਈ ਨੌਜਵਾਨਾਂ ਨੂੰ ਤਿਆਰ ਕਰਨ ਦੇ ਉਦੇਸ਼ ਨਾਲ ਉਦਯੋਗ-ਏਕੀਕ੍ਰਿਤ, ਹੁਨਰ-ਅਧਾਰਤ ਪ੍ਰੋਗਰਾਮਾਂ ਦਾ ਇੱਕ ਸੂਟ ਸ਼ੁਰੂ ਕਰੇਗਾ ਙ ਪ੍ਰੋ. ਬੀ ਐਸ ਸਤਿਆਲ, ਰਜਿਸਟਰਾਰ, ਐਲਟੀਐਸਯੂ ਪੰਜਾਬ ਅਤੇ ਸ਼੍ਰੀ ਸ਼੍ਰੀ ਚਰਨ, ਸਹਿ-ਸੰਸਥਾਪਕ ਬਾਈਟਐਕਸਐਲ ਨੇ ਸਮਝੌਤਾ (ਐਮਓਯੂ)ਕਾਗਜ਼ਾਤ 'ਤੇ ਹਸਤਾਖਰ ਕੀਤੇ। ਇਸ ਸਹਿਯੋਗ ਦੇ ਤਹਿਤ, ਐਲਟੀਐਸਯੂ ਏਜੰਟਿਕ ਏਆਈ ਵਿੱਚ ਬੀ.ਟੈਕ ਸੀਐਸਈ ਸਪੈਸ਼ਲਾਈਜ਼ੇਸ਼ਨ ਦੀ ਪੇਸ਼ਕਸ਼ ਕਰੇਗਾ, ਬਾਈਟਐਕਸਐਲ ਮਾਈਕ੍ਰੋਸਾਫਟ ਦੇ ਸਹਿਯੋਗ ਨਾਲ ਸਕਿੱਲਿੰਗ ਪਾਰਟਨਰ ਵਜੋਂ, ਬੀਬੀਏ ਅਤੇ ਐਮਬੀਏ ਨਾਲ ਬਾਈਟਐਕਸਐਲ ਸਕਿੱਲਿੰਗ ਪਾਰਟਨਰ ਵਜੋਂ ਕੇਪੀਐਮਜੀ ਦੇ ਸਹਿਯੋਗ ਨਾਲ, ਬੀ.ਐਸਸੀ. ਏਆਈ ਆਟੋਮੇਸ਼ਨ ਵਿੱਚ ਸਪੈਸ਼ਲਾਈਜ਼ੇਸ਼ਨ ਬਾਈਟਐਕਸਐਲ ਸਕਿੱਲਿੰਗ ਪਾਰਟਨਰ ਵਜੋਂ ਕੰਮ ਕਰੇਗਾ ਸਾਰੇ ਪ੍ਰੋਗਰਾਮਾਂ ਦੇ ਮੁੱਖ ਅੰਸ਼ ਵਿੱਚ ਪਾਠਕ੍ਰਮ ਵਿੱਚ ਲਾਜ਼ਮੀ 1-ਸਾਲ ਦੀ ਉਦਯੋਗਿਕ ਇੰਟਰਨਸ਼ਿਪ ਨੂੰ ਸ਼ਾਮਲ ਕਰਨਾ ਸਿੱਖਣ ਮਾਰਗ ਦੇ ਹਿੱਸੇ ਵਜੋਂ ਮਾਈਕ੍ਰੋਸਾਫਟ ਤੋਂ ਗਲੋਬਲ ਪ੍ਰਮਾਣੀਕਰਣ ਤਕਨੀਕੀ ਪ੍ਰੋਗਰਾਮਾਂ ਅਤੇ ਉਦਯੋਗ ਮਾਹਰਾਂ ਦੇ ਇੱਕ ਅਨਿੱਖੜਵੇਂ ਹਿੱਸੇ ਵਜੋਂ ਪ੍ਰੋਜੈਕਟ-ਅਧਾਰਤ ਸਿਖਲਾਈ ਅਤੇ ਅਸਲ-ਸੰਸਾਰ ਸਮੱਸਿਆ ਹੱਲ ਕਰਨਾ, ਪਾਠਕ੍ਰਮ ਦਾ ਇੱਕ ਵੱਡਾ ਹਿੱਸਾ ਪ੍ਰਦਾਨ ਕਰਨਾ, ਇਹ ਯਕੀਨੀ ਬਣਾਉਣਾ ਕਿ ਵਿਦਿਆਰਥੀ ਸਿੱਧੇ ਪ੍ਰੈਕਟੀਸ਼ਨਰਾਂ ਤੋਂ ਸਿੱਖਦੇ ਹਨ ਪ੍ਰੋ. ਡਾ. ਏ. ਐਸ. ਚਾਵਲਾ, ਵਾਈਸ ਚਾਂਸਲਰ, ਐਲਟੀਐਸਯੂ ਪੰਜਾਬ ਨੇ ਕਿਹਾ ਕਿ ਸਾਡਾ ਮਿਸ਼ਨ ਵਿਦਿਆਰਥੀਆਂ ਨੂੰ ਪਹਿਲੇ ਦਿਨ ਤੋਂ ਹੀ ਉਦਯੋਗ ਲਈ ਤਿਆਰ ਕਰਨਾ ਹੈ। ਇਹ ਪ੍ਰੋਗਰਾਮ ਅਕਾਦਮਿਕ ਸਖ਼ਤੀ ਨੂੰ ਹੱਥੀਂ ਹੁਨਰ, ਗਲੋਬਲ ਪ੍ਰਮਾਣੀਕਰਣ ਅਤੇ ਸਾਲ ਭਰ ਦੀਆਂ ਇੰਟਰਨਸ਼ਿਪਾਂ ਨਾਲ ਜੋੜਦੇ ਹਨ। ਬਾਈਟਐਕਸਐਲ - ਭਾਈਵਾਲ ਮਾਈਕ੍ਰੋਸਾਫਟ ਅਤੇ ਕੇਪੀਐਮਜੀ ਨਾਲ ਸਹਿਯੋਗ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਵਿਦਿਆਰਥੀ ਅੱਜ ਸਭ ਤੋਂ ਢੁਕਵੇਂ ਹੁਨਰ ਸਿੱਖਦੇ ਹਨ ਜਿਨ੍ਹਾਂ ਦੀ ਅੱਜ ਉਦਯੋਗ ਵਿੱਚ ਮੰਗ ਹੈ । ਸ਼੍ਰੀ ਸ਼੍ਰੀ ਚਰਨ, ਸਹਿ-ਸੰਸਥਾਪਕ, ਬਾਈਟਐਕਸਐਲ ਨੇ ਅੱਗੇ ਕਿਹਾ ਕਿ ਉਦਯੋਗ ਮਾਹਰ ਇਹਨਾਂ ਪ੍ਰੋਗਰਾਮਾਂ ਦਾ ਇੱਕ ਵੱਡਾ ਹਿੱਸਾ ਪ੍ਰਦਾਨ ਕਰਨਗੇ। ਸਾਡਾ ਮਾਡਲ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਸਿਰਫ਼ ਤਕਨਾਲੋਜੀ ਹੀ ਨਾ ਸਿੱਖਣ, ਉਹ ਇਸਨੂੰ ਪ੍ਰੋਜੈਕਟਾਂ, ਇੰਟਰਨਸ਼ਿਪਾਂ ਅਤੇ ਗਲੋਬਲ ਪ੍ਰਮਾਣੀਕਰਣਾਂ ਰਾਹੀਂ ਲਾਗੂ ਕਰਦੇ ਹਨ ਙ ਡਾ. ਐਚ. ਪੀ. ਐਸ. ਧਾਮੀ, ਕਾਰਜਕਾਰੀ ਡੀਨ, ਇੰਜੀਨੀਅਰਿੰਗ ਅਤੇ ਤਕਨਾਲੋਜੀ ਨੇ ਸਾਂਝਾ ਕੀਤਾ ਕਿ ਏਜੰਟਿਕ ਏਆਈ ਅਤੇ ਬੀ.ਐਸ.ਸੀ. ਵਿੱਚ ਬੀ.ਟੈਕ ਸੀ.ਐਸ.ਈ. ਏਆਈ ਆਟੋਮੇਸ਼ਨ ਵਿੱਚ ਉਦਯੋਗ ਦੀਆਂ ਜ਼ਰੂਰਤਾਂ ਲਈ ਤਿਆਰ ਕੀਤੇ ਗਏ ਹਨ। ਮਾਈਕ੍ਰੋਸਾਫਟ ਪਾਰਟਨਰ ਵਜੋਂ ਬਾਈਟਐਕਸਐਲ ਦੇ ਨਾਲ, ਸਾਡੇ ਵਿਦਿਆਰਥੀ ਲਾਈਵ ਪ੍ਰੋਜੈਕਟਾਂ 'ਤੇ ਕੰਮ ਕਰਨਗੇ, ਗਲੋਬਲ ਸਰਟੀਫਿਕੇਟ ਪ੍ਰਾਪਤ ਕਰਨਗੇ, ਸ਼੍ਰੀ ਵਿਮਲ ਮਨਹੋ-ਤਰਾ ਸੀਈਓ ਨੇ ਇਸ ਸਹਿਯੋਗ ਲਈ ਵਧਾਈ ਦਿੱਤੀ। ਇਸ ਮੌਕੇ ਡਾ. ਆਸ਼ੂਤੋਸ਼ ਸ਼ਰਮਾ, ਕਾਰਜਕਾਰੀ ਡੀਨ, ਸ਼੍ਰੀ ਸਚਿਨ ਜੈਨ, ਕਾਰਜਕਾਰੀ ਨਿਰਦੇਸ਼ਕ ਕਾਰ-ਪੋਰੇਟ ਸਬੰਧ ਮੌਜੂਦ ਸਨ।



for more news visit:
www.samajweekly.com

# ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਨੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ





**ਮੋਰਿੰਡਾ, 4 ਮਈ (ਸੁਖਵਿੰਦਰ ਸਿੰਘ ਹੈਪੀ)**-ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਤੇ ਸਵ ਮਾਸਟਰ ਅਵਤਾਰ ਸਿੰਘ ਕੰਗ ਦੀ ਨਿੱਘੀ ਯਾਦ ਨੂੰ ਸਮਰਪਿਤ ਖ਼ੂਨਦਾਨ ਕੈਂਪ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਮੋਰਿੰਡਾ ਵਿਖੇ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਦੇ ਸਕੱਤਰ ਦਲਜੀਤ ਸਿੰਘ ਮੁੰਡੇ ਤੇ ਸਮਾਜ ਸੇਵੀ ਪਰਮਿੰਦਰ ਸਿੰਘ ਕੰਗ ਨੇ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਡੇਰਾ ਕਾਰ ਸੇਵਾ, ਪ੍ਰਬੰਧਕ ਕਮੇਟੀ, ਸ੍ਰੀ ਵਿਸ਼ਵਕਰਮਾ ਸਭਾ ਮੋਰਿੰਡਾ ਅਤੇ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਮੋਰਿੰਡਾ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਬਲੱਡ ਬੈਂਕ ਜਰਨਲ ਹਸਪਤਾਲ ਸੈਕਟਰ 32 ਚੰਡੀਗੜ੍ਹ ਤੋ ਆਈ ਡਾਕਟਰਾਂ ਦੀ ਟੀਮ ਵੱਲੋਂ 34 ਯੂਨਿਟ ਇਕੱਤਰ ਕੀਤੇ ਗਏ। ਇਸ ਮੌਕੇ ਫੈਡਰੇਸ਼ਨ ਵੱਲੋਂ ਡਾਕਟਰਾਂ ਦੀ ਟੀਮ, ਪਤਵੰਤੇ ਸਜਣਾਂ ਅਤੇ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਸਮਾਗਮ ਵਿੱਚ ਸਰਪ੍ਰਸਤ ਕੁਲਵੀਰ ਸਿੰਘ ਰੀਹਲ, ਪ੍ਰਧਾਨ ਬਿਕਰਮਜੀਤ ਸਿੰਘ ਸੋਹਣਪਾਲ, ਜਗਜੀਤ ਸਿੰਘ ਰੀਹਲ, ਜਸਪ੍ਰੀਤ ਸਿੰਘ ਕਲਸੀ, ਗੁਰਵਿੰਦਰ ਸਿੰਘ ਰੀਹਲ, ਗੁਰਪ੍ਰੀਤ ਸਿੰਘ ਬਿੰਬਰਾ, ਚਰਨਜੀਤ ਸਿੰਘ ਰੀਹਲ, ਡਾ ਤੇਜਿੰਦਰ ਸਿੰਘ ਬੋਬੀ, ਮਨਦੀਪ ਸਿੰਘ ਸੋਹਣਪਾਲ, ਜਸਵਿੰਦਰ ਸਿੰਘ ਮਠਾੜੂ, ਭੁਪਿੰਦਰ ਸਿੰਘ ਰੀਹਲ, ਤੇਜਿੰਦਰ ਸਿੰਘ ਕਲਸੀ, ਜਗਵਿੰਦਰ ਸਿੰਘ ਜੰਡੂ, ਨਿਹਾਲ ਸਿੰਘ ਕਲਸੀ, ਮਨਜੀਤ ਸਿੰਘ ਧੀਮਾਨ, ਅਵਤਾਰ ਸਿੰਘ ਵਿਰਦੀ, ਜਗਦੀਪ ਸਿੰਘ ਘਟੌੜੇ, ਦਰਸ਼ਨ ਸਿੰਘ, ਪਰਮਿੰਦਰ ਸਿੰਘ ਮਠਾੜੂ, ਗੁਰਪ੍ਰੀਤ ਸਿੰਘ ਲਾਲੀ, ਕੁਲਦੀਪ ਸਿੰਘ ਸੱਲ੍ਹ, ਬਲਵੀਰ ਸਿੰਘ ਬਿਲਖੂ, ਗੁਰਮੀਤ ਸਿੰਘ, ਮਨਵੀਰ ਸਿੰਘ ਜੰਡੂ, ਹਰਮੀਤ ਸਿੰਘ ਸੱਲ੍ਹ, ਸੁਲਿੰਦਰ ਸਿੰਘ ਹਾਂਸੀ, ਰਜਿੰਦਰ ਸਿੰਘ ਸਾਬਕਾ ਵਾਈਸ ਪ੍ਰਧਾਨ ਨਗਰ ਕੌਸਲ ਮੋਰਿੰਡਾ, ਹਰਜੀਤ ਸਿੰਘ ਸੱਲ, ਸਤਵਿੰਦਰ ਸਿੰਘ ਸੌਂਧ, ਜਗਪਾਲ ਸਿੰਘ ਜੌਲੀ ਸਾਬਕਾ ਕੌਂਸਲਰ, ਜਸਵੰਤ ਸਿੰਘ ਰੀਹਲ ਪ੍ਰਧਾਨ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਮੋਰਿੰਡਾ, ਗੁਰਿੰਦਰ ਸਿੰਘ ਰੀਹਲ, ਅਮਰੀਕ ਸਿੰਘ ਡਫੂ, ਸਤਨਾਮ ਸਿੰਘ ਪਾਪੂਲਰ, ਅਸ਼ੋਕ ਕੁਮਾਰ, ਸਜੀਵ ਕੁਮਾਰ ਸਰੀਨ ਬਲੱਡ ਕੌਂਸਲ ਮੋਰਿੰਡਾ, ਰਵਿੰਦਰ ਸਿੰਘ ਰਾਜੂ, ਹਰਦੀਪ ਸਿੰਘ ਅਨੰਦ , ਗੁਰਨਾਮ ਸਿੰਘ ਅਤੇ ਸਹਿਰ ਨਿਵਾਸੀ ਹਾਜ਼ਰ ਸਨ ।

# ਨੌਜਵਾਨਾਂ ਦੀ ਪਹਿਲੀ ਪਸੰਦ ਬਣਿਆ ਸ਼੍ਰੋਮਣੀ ਅਕਾਲੀ ਦਲ : ਅਮਿਤ ਗੋਸਾਈਂ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਸ਼੍ਰੋਮਣੀ ਅਕਾਲੀ ਦਲ ਸੈਂਟਰਲ ਨੂੰ ਉਸ ਵੇਲੇ ਤਾਕਤ ਮਿਲੀ ਜਦੋ ਐਡਵੋਕੇਟ ਸਾਗਰ, ਸ੍ਰ: ਕੰਵਲਜੀਤ ਸਿੰਘ ਅਤੇ ਸ੍ਰ: ਪ੍ਰਭਜੋਤ ਸਿੰਘ ਗੋਰਾ ਜੀ ਦੇ ਉੱਦਮ ਸਦਕਾ ਹਲਕਾ ਸੈਂਟਰਲ ਦੇ ਇੰਚਾਰਜ ਅਮਿਤ ਗੋਸਾਈਂ ਜੀ ਦੀ ਅਗਵਾਈ ਵਿੱਚ ਸਾਜਨ ਅਟਵਾਲ ਜੀ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ । ਅਮਿਤ ਗੋਸਾਈਂ ਨੇ ਕਿਹਾ ਨੌਜਵਾਨਾਂ ਦੀ ਪਹਿਲੀ ਪਸੰਦ ਸ਼੍ਰੋਮਣੀ ਅਕਾਲੀ ਦਲ ਪਾਰਟੀ ਹੈ ਕਿਉਂਕਿ ਹੁਣ ਸਿਰਫ਼ ਨੌਜਵਾਨਾ ਨੂੰ ਹੀ ਨਹੀਂ ਬਲਕਿ ਸਾਰੇ ਪੰਜਾਬ ਦਾ ਹਰ ਵਰਗ 2007 ਤੋਂ 2017 ਤੱਕ ਕਿਤੇ ਕੰਮਾਂ ਨੂੰ ਦੇਖਦੇ ਹੋਏ ਸ੍ਰ: ਸੁਖਬੀਰ ਸਿੰਘ ਬਾਦਲ ਜੀ ਨੂੰ ਹੀ 2027 ਵਿੱਚ ਮੁੱਖ ਮੰਤਰੀ ਬਣਦਾ ਦੇਖਦਾ ਚਾਹੁੰਦੇ ਹਨ । ਉਹਨਾਂ ਦੇ ਨਾਲ ਰਾਜਨ, ਸਾਹਿਲ ਬੈਂਸ, ਸੋਨੂੰ ਕਟਾਰੀਆ, ਹਰਵਿੰਦਰ , ਰਾਜਕੁਮਾਰ , ਮਨਦੀਪ , ਬੰਟੀ, ਸਿੱਪੀ ਬੈਂਸ ਆਦਿ ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜ਼ਿਲ੍ਹੇ ਅੰਦਰ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ 5 ਮਈ ਤੋਂ

## ਡਿਪਟੀ ਕਮਿਸ਼ਨਰ ਵਲੋਂ ਜ਼ਿਲ੍ਹਾ ਵਾਸੀਆਂ ਨੂੰ ਬਿਹਤਰ ਭਲਾਈ ਨੀਤੀਆਂ ਤੇ ਭਵਿੱਖ ਨਿਰਮਾਣ ’ਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਸਾਂਝੀ ਕੀਤੀ ਜਾਣਕਾਰੀ ਨੂੰ ਪੂਰਨ ਤੌਰ ’ਤੇ ਰੱਖਿਆ ਜਾਵੇਗਾ ਗੁਪਤ



**ਨਵਾਂ ਸ਼ਹਿਰ, 4 ਮਈ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਕਰਵਾਈ ਜਾ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ ਤਹਿਤ 5 ਮਈ ਤੋਂ ਜ਼ਿਲ੍ਹੇ ਅੰਦਰ ਜਨਗਣਨਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਭਲਾਈ ਯੋਜਨਾਬੰਦੀ ਨੂੰ ਬਿਹਤਰ ਬਣਾਉਣ ਲਈ ਇਹ ਜਨਗਣਨਾ ਕਰਵਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਰਵਾਈ ਜਾ ਰਹੀ ਜਨਗਣਨਾ ਦਾ ਉਦੇਸ਼ ਨਸ਼ੇ ਕਰਨ ਦੀ ਹੱਦ ਅਤੇ ਇਸ ਦੇ ਪ੍ਰਭਾਵ ਦਾ ਮੁਲਾਂਕਣ ਕਰਨਾ, ਪਰਿਵਾਰ ਦੀਆਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਨੂੰ ਸਮਝਣਾ, ਸਰਕਾਰੀ ਯੋਜਨਾਵਾਂ ਦੀ ਪਹੁੰਚ ਤੇ ਪ੍ਰਭਾਵ ਦਾ ਮੁਲਾਂਕਣ ਤੇ ਬਿਹਤਰ ਭਲਾਈ ਯੋਜਨਾਵਾਂ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਬਿਹਤਰ ਸਿਹਤ ਸੰਭਾਲ ਅਤੇ ਨਸ਼ਾ ਛੁਡਾਊ ਸੇਵਾਵਾਂ ਮੁਹੱਈਆ ਕਰਵਾਉਣ, ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੇ ਬਿਹਤਰ ਮੌਕੇ ਮੁਹੱਈਆ ਕਰਵਾਉਣ, ਸਿੱਖਿਆ ਅਤੇ ਸਮਾਜ ਭਲਾਈ ਪ੍ਰਣਾਲੀਆਂ ਮਜ਼ਬੂਤ ਕਰਨ ਅਤੇ ਮੌਜੂਦਾ ਯੋਜਨਾਵਾਂ ਵਿੱਚ ਕਮੀਆਂ ਦੀ ਪਛਾਣ ਕਰਨ ਵਿੱਚ ਮਦਦਗਾਰ ਸਾਬਿਤ ਹੋਵੇਗੀ। ਉਨ੍ਹਾਂ ਅੱਗੇ ਦਿੱਸਿਆ ਕਿ ਜਨਗਣਨਾ ਦੌਰਾਨ ਜ਼ਿਲ੍ਹਾ ਵਾਸੀਆਂ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਪੂਰਨ ਤੌਰ ’ਤੇ ਗੁਪਤ ਅਤੇ ਸੁਰੱਖਿਅਤ ਰੱਖਿਆ ਜਾਵੇਗਾ ਤੇ ਇਕੱਤਰ ਡਾਟਾ ਸਿਰ਼ਫ ਨੀਤੀ ਯੋਜਨਾਬੰਦੀ ਅਤੇ ਭਲਾਈ ਕਾਰਜਾਂ ਲਈ ਹੀ ਵਰਤਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਕੋਈ ਵੀ ਜਾਣਕਾਰੀ ਕਿਸੇ ਵੀ ਸ਼ਜ਼ਾ ਵਾਲੀ ਕਾਰਵਾਈ ਲਈ ਨਹੀਂ ਵਰਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਨਸ਼ਾ ਤੇ ਸਮਾਜਿਕ-ਆਰਥਿਕ ਜਨਗਣਨਾ ਨੂੰ ਮੁਕੰਮਲ ਕਰਨ ਲਈ 370 ਗਿਣਤੀਕਾਰ ਤਾਇਨਾਤ ਕੀਤੇ ਗਏ ਹਨ । ਉਨ੍ਹਾਂ ਕਿਹਾ ਕਿ ਇਹ ਜਨਗਣਨਾ ਸਹਾਇਤਾ ਅਤੇ ਮੁੜ ਵਸੇਬੇ ਦੀ ਲੋੜ ਵਾਲੇ ਪਰਿਵਾਰਾਂ ਅਤੇ ਸਰਕਾਰੀ ਯੋਜਨਾਵਾਂ ਸਹੀ ਲਾਭਪਾਤਰੀਆਂ ਤੱਕ ਪਹੁੰਚ ਰਹੀਆਂ ਹਨ ਦੀ ਪਹਿਚਾਣ ਕਰਨ ਵਿੱਚ ਸਹਾਈ ਸਿੱਧ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮਜ਼ਬੂਤ ਅਤੇ ਨਸ਼ਾ ਮੁਕਤ ਪੰਜਾਬ ਦੇ ਨਿਰਮਾਣ ਲਈ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ ਨੂੰ ਸਫ਼ਲਤਾ ਪੂਰਵਕ ਮੁਕੰਮਲ ਕਰਨ ਵਿੱਚ ਵੱਡਮੁੱਲਾ ਸਹਿਯੋਗ ਦੇਣ ਅਤੇ ਸਹੀ ਜਾਣਕਾਰੀ ਸਾਂਝੀ ਕਰਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਰਗਰਮ ਭਾਗੀਦਾਰੀ ਬਿਹਤਰ ਭਲਾਈ ਯੋਜਨਾਵਾਂ ਅਤੇ ਭਵਿੱਖ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਏਗੀ।

# ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਖੇਡ ਸਭਿਆਚਾਰ ਪੈਦਾ ਕਰਨ ਲਈ ਕੀਤੇ ਜਾ ਰਹੇ ਸੰਜੀਦਾ ਉਪਰਾਲੇ- ਲਲਿਤ ਮੋਹਨ ਪਾਠਕ

## ਜ਼ਿਲ੍ਹੇ ’ਚ 3792.29 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ 94 ਮਾਡਰਨ ਖੇਡ ਮੈਦਾਨ ਪਿੰਡ ਲੰਗੜੋਆ ’ਚ ਕੀਤਾ ਮਾਡਰਨ ਖੇਡ ਮੈਦਾਨ ਦਾ ਉਦਘਾਟਨ





**ਨਵਾਂ ਸ਼ਹਿਰ, 4 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸੂਬੇ ਅੰਦਰ ਖੇਡ ਸਭਿਆਚਾਰ ਪੈਦਾ ਕਰਕੇ ਰੰਗਲਾ ਪੰਜਾਬ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਵਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਕੇ ਰੱਖਣ ਲਈ ਖੇਡਾਂ ਤੇ ਯੁਵਕ ਸੇਵਾਵਾਂ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਰਾਹੀਂ ਉਸਾਰੇ ਜਾ ਰਹੇ 3100 ਖੇਡ ਮੈਦਾਨਾਂ ਦੇ ਪਹਿਲੇ ਚਰਨ ਅਧੀਨ ਤਿਆਰ ਕੀਤੇ ਗਏ ਮਾਡਰਨ ਖੇਡ ਮੈਦਾਨ ਸੂਬਾ ਵਾਸੀਆਂ ਨੂੰ ਸਮਰਪਿਤ ਕੀਤੇ ਗਏ। ਇਸ ਮੌਕੇ ਉਹਨਾਂ ਦੇ ਨਾਲ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੀ ਮੌਜੂਦ ਸਨ। ਇਸੇ ਕੜੀ ਤਹਿਤ ਜ਼ਿਲ੍ਹਾ ਨਵਾਂ ਸ਼ਹਿਰ ਦੀ ਗ੍ਰਾਮ ਪੰਚਾਇਤ ਲੰਗੜੋਆ ਵਿਖੇ ਉਪ ਚੇਅਰਮੈਨ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਲਲਿਤ ਮੋਹਨ ਪਾਠਕ ਵਲੋਂ ਮਾਡਰਨ ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕਰਨ ਦਾ ਸਵਾਗਤ ਕੀਤਾ। ਇਸ ਮੌਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਉਪ ਚੇਅਰਮੈਨ ਸ੍ਰੀ ਪਾਠਕ ਨੇ ਦੱਸਿਆ ਕਿ ਮੁੱਖ ਮੰਤਰੀ, ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ 3792.29 ਲੱਖ ਰੁਪਏ ਦੀ ਲਾਗਤ ਨਾਲ 94 ਮਾਡਰਨ ਖੇਡ ਮੈਦਾਨ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਅਥਾਹ ਊਰਜਾ ਸ਼ਕਤੀ ਨੂੰ ਉਸਾਰੂ ਪਾਸੇ ਲਗਾਕੇ ਸੂਬੇ ਦੇ ਆਰਥਿਕ ਤੇ ਸਮਾਜਿਕ ਵਿਕਾਸ ਵਿੱਚ ਸਰਗਰਮ ਭੂਮਿਕਾ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਮਾਡਰਨ ਖੇਡ ਮੈਦਾਨਾਂ ਵਿੱਚ ਨੌਜਵਾਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਮਿਲਣਗੀਆਂ ਜੋ ਕਿ ਤੰਦਰੁਸਤ ਪੰਜਾਬ ਵੱਲ ਇਕ ਵੱਡਾ ਕਦਮ ਹੋਵੇਗਾ। ਉਨ੍ਹਾਂ ਕਿਹਾ ਕਿ ਖੇਡ ਮੈਦਾਨ ਬਣਨ ਨਾਲ ਪਿੰਡ ਦੇ ਨੌਜਵਾਨ ਫੁੱਟਬਾਲ, ਵਾਲੀਬਾਲ, ਕਬੱਡੀ ਤੇ ਐਥਲੈਟਿਕਸ ਵਰਗੀਆਂ ਖੇਡਾਂ ਦੀ ਤਿਆਰੀ ਕਰ ਸਕਣਗੇ। ਸਰਕਾਰ ਵੱਲੋਂ ਖੇਡਾਂ ਲਈ ਵਧੀਆ ਬੁਨਿਆਦੀ ਢਾਂਚਾ, ਕੋਚ ਅਤੇ ਖੇਡ ਕਿੱਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਪਿੰਡ ਦੀ ਪੰਚਾਇਤ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਸ ਮੈਦਾਨ ਦੀ ਸੰਭਾਲ ਕੀਤੀ ਜਾਵੇ ਅਤੇ ਵੱਧ ਤੋਂ ਵੱਧ ਨੌਜਵਾਨ ਖੇਡਾਂ ਵਿੱਚ ਹਿੱਸਾ ਲੈਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਮਨਜੀਤ ਕੌਰ , ਸਰਪੰਚ ਸੁਖਵਿੰਦਰ ਸਿੰਘ, ਪੰਚਾਇਤ ਮੈਂਬਰ, ਖੇਡ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਖਿਡਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ

**●ਕੰਗ ਵਲੋਂ ਬਲਾਚੌਰ ਹਲਕੇ ਅੰਦਰ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ●ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ, ਹਲਕੇ ਦੇ ਵਿਕਾਸ ਕਾਰਜਾਂ ਵਿੱਚ ਨਹੀਂ ਆਉਣ ਦਿੱਤੀ ਜਾਵੇਗੀ ਫੰਡਾਂ ਦੀ ਕੋਈ ਘਾਟ**

**ਨਵਾਂਸ਼ਹਿਰ /ਕਾਠਗੜ੍ਹ 4 ਮਈ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਲੋਕਾਂ ਨੂੰ ਸਿਹਤ, ਸਿੱਖਿਆ, ਪੀਣ ਵਾਲਾ ਸਾਫ਼ ਪਾਣੀ, ਸੜਕਾਂ, ਗਲੀਆਂ-ਨਾਲੀਆਂ ਅਤੇ ਖੇਡਾਂ ਸਮੇਤ ਹਰ ਤਰ੍ਹਾਂ ਦੀਆਂ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਹਲਕਾ ਬਲਾਚੌਰ ਅੰਦਰ ਅੱਜ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਮੌਕੇ ਕੀਤਾ। ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਵੱਡੇ ਪੱਧਰ ‘ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਐਮ.ਪੀ. ਲੈਡ ਫੰਡ ਤਹਿਤ 23.50 ਲੱਖ ਰੁਪਏ ਦੀ ਲਾਗਤ ਨਾਲ ਹਲਕਾ ਬਲਾਚੌਰ ਦੇ ਵੱਖ-ਵੱਖ ਪਿੰਡਾਂ ਵਿੱਚ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿੰਡ ਜਗਤੇਵਾਲ ਵਿਖੇ ਕਮਿਊਨਿਟੀ ਹਾਲ ‘ਤੇ 2.50 ਲੱਖ ਰੁਪਏ, ਪਿੰਡ ਜਲਾਲਪੁਰ ਵਿਖੇ ਐਸ.ਸੀ ਧਰਮਸ਼ਾਲਾ ‘ਤੇ 5 ਲੱਖ ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਐਮ.ਪੀ. ਲੈਡ ਫੰਡ ਤਹਿਤ ਹੇਡੋਂ ਬੇਟ ਅਤੇ ਖੰਡੂਪੁਰ ਵਿਖੇ 6ਲੱਖ ਰੁਪਏ ਦੇ ਵਾਟਰ ਟੈਂਕਰ ਅਤੇ ਪਿੰਡ ਪੋਜੇਵਾਲ ਤੇ ਪਿੰਡ ਟਕਾਰਲਾ ਵਿਖੇ 10 ਲੱਖ ਰੁਪਏ ਕਮਿਊਨਿਟੀ ਸੈਂਟਰ ‘ਤੇ ਖਰਚ ਕੀਤੇ ਗਏ ਹਨ।





ਮਲਵਿੰਦਰ ਸਿੰਘ ਕੰਗ ਨੇ ਅੱਗੇ ਕਿਹਾ ਕਿ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣਾ ਸਾਡੀ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਲਗਾਤਾਰ ਕੰਮ ਕੀਤੇ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਮੁਕੰਮਲ ਕੀਤੇ ਪ੍ਰਾਜੈਕਟ ਲੋਕ ਨੂੰ ਸਪੁਰਦ ਕੀਤੇ ਜਾਣਗੇ। ਓਪਨ ਜਿੰਮ ਤੇ ਖੇਡ ਮੈਦਾਨ ਬਣਨ ਨਾਲ ਨੌਜਵਾਨ ਨਸ਼ਿਆਂ ਤੋਂ ਦੂਰ ਹੋ ਕੇ ਖੇਡਾਂ ਵੱਲ ਆਉਣਗੇ ਅਤੇ ਕਮਿਊਨਿਟੀ ਹਾਲ ਬਣਨ ਨਾਲ ਸਮਾਜਿਕ ਸਮਾਗਮਾਂ ਲਈ ਢੁੱਕਵੀਂ ਥਾਂ ਮਿਲੇਗੀ। ਉਨ੍ਹਾਂ ਗ੍ਰਾਮ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਗ੍ਰਾਂਟਾਂ ਦੀ ਸਹੀ ਵਰਤੋਂ ਕਰਨ ਅਤੇ ਕੰਮਾਂ ਦੀ ਗੁਣਵੱਤਾ ਬਰਕਰਾਰ ਰੱਖਣ। ਇਸ ਮੌਕੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਬਲਾਚੌਰ ਹਲਕੇ ਦੇ ਸਰਵਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਹਲਕੇ ਦੇ ਹਰ ਪਿੰਡ ਤੱਕ ਵਿਕਾਸ ਪਹੁੰਚਾਇਆ ਗਿਆ ਹੈ। ਸਕੂਲਾਂ ਦੀ ਨੁਹਾਰ ਬਦਲੀ ਗਈ ਹੈ, ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਲਿੰਕ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਇਸ ਮੌਕੇ ‘ਤੇ ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ ਸਤਨਾਮ ਜਲਾਲਪੁਰ, ਬੀ.ਡੀ.ਪੀ.ਓ., ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਰਪੰਚ, ਪੰਚ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਭਗਤਾ ਭਾਈ ਕਾ ਵੱਲੋਂ ਮਾਸਿਕ ਇਕੱਤਰਤਾ ਵਿੱਚ ਮਈ ਦਿਵਸ ਦੇ ਸ਼ਿਕਾਗੋ ਮਜ਼ਦੂਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਬਲਾਕ ਭਗਤਾ ਭਾਈ ਕਾ ਦੀ ਮਾਸਿਕ ਇਕੱਤਰਤਾ ਪੰਚਾਇਤ ਸੰਮਤੀ ਦਫ਼ਤਰ ਵਿੱਚ ਹੋਈ। ਆਰੰਭ ਵਿੱਚ ਮਈ ਦਿਵਸ ਦੇ ਸ਼ਿਕਾਗੋ ਮਜ਼ਦੂਰ ਸ਼ਹੀਦਾਂ ਨੂੰ ਅਤੇ ਪਿਛਲੇ ਦਿਨੀਂ ਵਿਛੜ ਚੁੱਕੀ ਆਤਮਾ ਮਾਸਟਰ ਜਲੌਰ ਸਿੰਘ ਕਲਿਆਣ ਮੱਲਕਾ ਨੂੰ ਦੋ ਮਿੰਟ ਦਾ ਮੋਨ ਧਾਰਨ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਬੋਲਾਰਿਆਂ ਵਿੱਚੋਂ -- ਮਾਸਟਰ ਸੁਲੱਖਣ ਸਿੰਘ ਭਗਤਾ ਭਾਈ, ਸੋਢੀ ਬਲਵਿੰਦਰ ਸਿੰਘ ਸਿਹਤ ਵਿਭਾਗ, ਮਾਸਟਰ ਨਰਿੰਦਰ ਪਾਲ ਭਗਤਾ ਭਾਈ ਕਾ ਸਟੇਟ ਵਿਤ ਸਕੱਤਰ, ਭਾਈ ਕੌਰ ਸਿੰਘ ਕੋਠਾ ਗੁਰੂ ਪ੍ਰੈਸ ਸਕੱਤਰ, ਗੁਰਜੀਤ ਸਿੰਘ ਭਗਤਾ ਭਾਈ ਜਨਰਲ ਸਕੱਤਰ ਆਦਿਕ ਨੇ ਜਿੱਥੇ ਪਿਛਲੇ ਦਿਨੀਂ 29 ਅਪ੍ਰੈਲ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਪੈਨਸ਼ਨਰ ਐਸੋਸ਼ੀਏਸ਼ਨ ਦੀ ਨਵੀਂ ਸਟੇਟ ਜਨਰਲ ਬਾਡੀ ਦੀ ਕਰਵਾਈ ਗਈ ਚੋਣ ਸੰਬੰਧੀ ਜਾਣਕਾਰੀ ਸਾਂਝੀ ਕੀਤੀ, ਉੱਥੇ ਨਾਲ ਹੀ ਸ਼ਿਕਾਗੋ ਮਜ਼ਦੂਰ ਸੰਘਰਸ਼ ਉੱਪਰ ਚਾਨਣਾ ਪਾਉਂਦਿਆਂ,ਪੈਨਸ਼ਨਰ ਸਮੱਸਿਆਵਾਂ ਦੀ ਗੱਲ ਕਰਦਿਆਂ 2.59 ਗੁਣਾਂਕ ਰਾਹੀਂ ਪੈਨਸ਼ਨ ਸ਼ੋਧ ਕਰਨ ਅਤੇ 18% ਡੀ.ਏ. ਦੀਆਂ ਕਿਸ਼ਤਾਂ ਸਮੇਤ ਬਣਦਾ ਬਕਾਇਆ/ਏਰੀਅਲ ਕੋਰਟ ਹੁਕਮਾਂ ਅਨੁਸਾਰ ਰਿਲੀਜ਼ ਕਰਨ ਲਈ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ। ਮਾਸਟਰ ਲਾਭ ਸਿੰਘ ਡੋਡ ਨੇ ਦੇਸ਼ ਦੇ ਚਾਲੰਤ ਹਾਲਾਤਾਂ/ਭਖ਼ਦੇ ਮਸਲਿਆਂ ਸੰਬੰਧੀ ਆਪਣੇ ਵੱਲੋਂ ਲਿਖੀ ਗਈ ਕਵਿਤਾ ਰਾਹੀਂ ਹਾਜ਼ਰੀ ਲਵਾਈ। ਐਸੋਸੀਏਸ਼ਨ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ ਨੇ ਅਪ੍ਰੈਲ ਮਹੀਨੇ ਦੀਆਂ ਪੈਨਸ਼ਨਾਂ ਲੇਟ ਹੋ ਜਾਣ ਦੀ ਵਜ੍ਹਾ ਖ਼ਜ਼ਾਨਾ ਵਿਭਾਗ ਅਤੇ ਬੈਂਕ ਹੈਡ ਦਫ਼ਤਰਾਂ ਵਿੱਚ ਪੈਦਾ ਹੋਏ ਮੱਤ - ਭੇਦ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਦੱਸਿਆ ਕਿ ਕੱਲ੍ਹ ਤੱਕ ਪੈਨਸ਼ਨ ਖਾਤਿਆਂ ਵਿੱਚ ਪੈ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਸਟੇਟ ਜਨਰਲ ਬਾਡੀ ਦੀ ਚੋਣ ਸੰਬੰਧੀ ਬਣਾਏ ਗਏ ਕਾਇਦੇ - ਕਾਨੂੰਨ ਦੀ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਇਹ ਵੀ ਪ੍ਰਸੰਨਤਾ ਪ੍ਰਗਟ ਕੀਤੀ ਕਿ ਨਵੀਂ ਚੁਣੀ ਜਨਰਲ ਬਾਡੀ ਦੇ ਪ੍ਰਧਾਨ ਭਜਨ ਸਿੰਘ ਗਿੱਲ ਅਤੇ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਮੌਕੇ 'ਤੇ ਹੀ ਹਾਜ਼ਰ ਹਾਊਸ ਦੀ ਸਹਿਮਤੀ ਲੈਂਦਿਆ ਬਲਾਕ ਭਗਤਾ ਭਾਈ ਦੀਆਂ ਸਰਗਰਮੀਆਂ ਨੂੰ ਦੇਖਦੇ ਹੋਏ ਇਸ ਦੇ ਸਰਗਰਮ/ਕਾਨੂੰਨੀ ਮਾਹਿਰ ਪੈਨਸ਼ਨਰ ਸਾਥੀ ਮਾਸਟਰ ਨਰਿੰਦਰ ਪਾਲ ਭਗਤਾ ਭਾਈ ਨੂੰ ਸਟੇਟ ਵਿੱਤ ਸਕੱਤਰ ਦੇ ਅਹੁਦੇ ਨਾਲ ਨਿਵਾਜ਼ ਕੇ, ਸਟੇਟ ਜੱਥੇਬੰਦੀ ਵਿੱਚ ਯੋਗ ਸਥਾਨ ਦੇ ਕੇ ਬਲਾਕ ਭਗਤਾ ਭਾਈ ਕਾ (ਜ਼ਿਲ੍ਹਾ ਬਠਿੰਡਾ) ਦੀ ਪੈਨਸ਼ਨਰ ਐਸੋਸ਼ੀਏਸ਼ਨ ਨੂੰ ਮਾਣ ਬਖ਼ਸ਼ਿਆ ਹੈ ਜਿਸ ਕਰਕੇ ਉਨ੍ਹਾਂ ਸੂਬਾ ਜਨਰਲ ਬਾਡੀ ਦਾ ਜਿੱਥੇ ਧੰਨਵਾਦ ਕੀਤਾ ਉੱਥੇ ਪੈਨਸ਼ਨਰ ਸਾਥੀਆਂ ਨੂੰ ਵੀ ਪਹਿਲਾਂ ਦੀ ਤਰ੍ਹਾਂ ਵਧ - ਚੜ੍ਹ ਕੇ ਸਟੇਟ ਬਾਡੀ ਦੇ ਮਿਥੇ ਪ੍ਰੋਗਰਾਮਾਂ ਅਤੇ ਸੱਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਭਵਿੱਖ ਵਿੱਚ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਲੱਖਣ ਸਿੰਘ ਭਗਤਾ ਭਾਈ ਵੱਲੋਂ ਯੋਗਤਾ ਨਾਲ ਨਿਭਾਈ ਗਈ। ਇਸ ਸਮੇਂ ਹੋਰਨਾਂ ਤੋਂ ਇਲ-ਾਵਾ ਮਾਸਟਰ ਅਮਰਜੀਤ ਸਿੰਘ ਭਗਤਾ ਭਾਈ ਵਿੱਤ ਸਕੱਤਰ, ਮਾਸਟਰ ਗੁਰਦੀਪ ਸਿੰਘ, ਦਰਸ਼ਨ ਸਿੰਘ ਪਟਵਾਰੀ, ਮਾਸਟਰ ਸੁਰਜੀਤ ਸਿੰਘ, ਸੁਰਜਨ ਸਿੰਘ, ਹਾਕਮ ਸਿੰਘ ਕੋਆਪਰੇਟਿਵ ਵਿਭਾਗ, ਮਾਸਟਰ ਰਣਜੋਧ ਸਿੰਘ, ਰੇਸ਼ਮ ਸਿੰਘ, ਬੀਬੀ ਸੱਤਪਾਲ ਕੌਰ (ਸਾਰੇ ਭਗਤਾ ਭਾਈ), ਮਾਸਟਰ ਕਰਨੈਲ ਸਿੰਘ, ਮਾਸਟਰ ਜੋਰਾ ਸਿੰਘ, ਗੁਰਦੀਪ ਸਿੰਘ (ਸਾਰੇ ਬੁਰਜ ਥਰੋੜ), ਮਾਸਟਰ ਸਵਰਨ ਸਿੰਘ, ਗੁਰਦੀਪ ਸਿੰਘ ਏ.ਐਸ.ਆਈ.(ਦੋਵੇਂ ਕੇਸਰ ਸਿੰਘ ਵਾਲਾ), ਮਾਸਟਰ ਬਾਵਾ ਸਿੰਘ ਕੋਠਾ ਗੁਰੂ, ਹਰਮੇਲ ਸਿੰਘ, ਜਗਸੀਰ ਸਿੰਘ, ਰਛਪਾਲ ਸਿੰਘ ਗੁਰੂਸਰ ਅਤੇ ਮਾਸਟਰ ਦਰਬਾਰਾ ਸਿੰਘ ਮਲੂਕਾ ਆਦਿਕ ਪੈਨਸ਼ਨਰ ਸਖ਼ਸ਼ੀਅਤਾਂ ਹਾਜ਼ਰ ਸਨ। ਅਖੀਰ ਚਾਹ-ਪਾਣੀ ਦੀ ਪਾਰਟੀ ਦੁਆਰਾ ਮਾਸਿਕ ਇਕੱਤਰਤਾ ਸੰਪੰਨ ਕੀਤੀ ਗਈ।

# ਕਿਸਾਨੀ ਮੰਗਾਂ ਨੂੰ ਲੈ ਕੇ ਲਾਡੋਵਾਲ ਟੋਲ ਪਲਾਜ਼ਾ ਜਥੇ: ਨਿਮਾਣਾ ਦੀ ਅਗਵਾਈ ਹੇਠ 3 ਘੰਟੇ ਫ਼ਰੀ ਰੱਖਿਆ ਗਿਆ

## ਹੜ੍ਹ ਪ੍ਰਭਾਵਿਤ ਤੇ ਬੇਮੌਸਮੀ ਬਰਸਾਤ ਨਾਲ ਹੋਏ ਫਸਲਾਂ ਦੇ ਨੁਕਸਾਨ ਕਾਰਨ ਕਿਸਾਨਾਂ ਨੂੰ ਮੁਆਵਜ਼ਾ ਨਾ ਮਿਲਣ ਕਰਕੇ ਖ਼ਫ਼ਾ ਨੇ ਕਿਸਾਨ





**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਵੱਲੋਂ 30 ਅਪ੍ਰੈਲ ਤੱਕ ਅਬਾਦਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ ਸੀ, ਪਰ ਅਜੇ ਤੱਕ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੀ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਰੋਸ ਵਜੋਂ ਏ.ਕੇ.ਐਮ ਪੰਜਾਬ ਵੱਲੋਂ 4 ਮਈ ਨੂੰ ਪੰਜਾਬ ਦੇ ਸਾਰੇ ਟੋਲ ਪਲਾਜ਼ਾ ਨੂੰ ਸਵੇਰੇ 11 ਵਜੇ ਤੋਂ ਅਣਮਿਥੇ ਸਮੇਂ ਲਈ ਬੰਦ ਕਰ ਐਲਾਨ ਕੀਤਾ। ਸਰਕਾਰ ਝੁਕਦੀ ਹੋਈ ਨਜ਼ਰ ਤੇ ਕਿਸਾਨ ਜਥੇਬੰਦੀਆਂ ਨੂੰ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਗੱਲਬਾਤ ਕਰਨ ਦਾ 4 ਮਈ ਨੂੰ ਸ਼ਾਮ 6 ਵਜੇ ਦਾ ਸੱਦਾ ਆਇਆ। ਅਜਾਦ ਕਿਸਾਨ ਮੋਰਚਾ ਪੰਜਾਬ ਦੇ ਆਗੂਆਂ ਵੱਲੋਂ ਫੈਸਲਾ ਲਿਆ ਗਿਆ ਟੋਲ ਪਲਾਜ਼ਾ ਅਣਮਿੱਥੇ ਸਮੇਂ ਤੋਂ ਘਟਾ ਕੇ 11 ਤੋਂ 2 ਵਜੇ ਤੱਕ ਦਾ ਐਲਾਨ ਕੀਤਾ। ਏ.ਕੇ.ਐਮ ਪੰਜਾਬ ਦੇ ਸੀਨੀਅਰ ਆਗੂ ਅਤੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਹਰਪ੍ਰੀਤ ਸਿੰਘ ਮਖੂ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਲਾਡੋਵਾਲ ਟੋਲ ਪਲਾਜ਼ਾ 3 ਘੰਟੇ ਲਈ ਫ਼ਰੀ ਕੀਤਾ ਗਿਆ । ਕਿਸਾਨ ਆਗੂ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਮਖੂ, ਸੁੱਖ ਗਿੱਲ ਸੂਬਾ ਪ੍ਰਧਾਨ ਬੀ.ਕੇ.ਯੂ ਤੋਤੇਵਾਲ, ਜਸਬੀਰ ਸਿੰਘ ਆਹਲੂਵਾਲੀਆ, ਸਤਨਾਮ ਸਿੰਘ ਹਰੀਕੇ ਸੂਬਾ ਪ੍ਰਧਾਨ ਬੀ.ਕੇ.ਯੂ ਮਝੈਲ, ਲਖਵੀਰ ਸਿੰਘ ਸੋਢੀ ਸੂਬਾ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ ਆਗੂਆਂ ਨੇ ਦੋਸ਼ ਲਗਾਇਆ ਕਿ ਹੜ੍ਹਾਂ ਕਾਰਨ ਝੋਨੇ ਦੀ ਫਸਲ ਬਰਬਾਦ ਹੋਈ ਸੀ । ਅਬਾਦਕਾਰ ਕਿਸਾਨਾਂ ਨੂੰ ਕੱਚੀਆਂ ਪੈਲੀਆਂ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ, ਬੇਮੌਸਮੀ ਬਾਰਸ਼ਾਂ ਅਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦਾ ਵੱਡਾ ਨੁਕਸਾਨ ਹੋਇਆ ਸੀ,ਪਰ ਸਰਕਾਰ ਨੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿੱਚ ਗੰਭੀਰਤਾ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਤੁਰੰਤ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਅਮਰਜੀਤ ਸਿੰਘ ਭੱਟੀ ਸੀਨੀਅਰ ਮੀਤ ਪ੍ਰਧਾਨ, ਰਾਣਾ ਸਿੰਘ ਗਰੇਵਾਲ, ਸੁਰਜੀਤ ਸਿੰਘ ਪ੍ਰਧਾਨ ਦੰਗਾ ਪੀੜਤ, ਗੁਰਦੀਪ ਸਿੰਘ ਗਰੇਵਾਲ ਪ੍ਰਚਾਰ ਸਕੱਤਰ, ਪ੍ਰਭਦੀਪ ਸਿੰਘ ਸੇਖੋਂ ਜ਼ਿਲ੍ਹਾ ਦਿਹਾਤੀ ਪ੍ਰਧਾਨ, ਲਖਵਿੰਦਰ ਸਿੰਘ ਸ਼ਹਿਰੀ ਪ੍ਰਧਾਨ, ਸ਼ਮਸ਼ੇਰ ਸਿੰਘ ਲਾਡੋਵਾਲ, ਬਹਾਦਰ ਸਿੰਘ ਢਿੱਲੋਂ, ਕੁਲਦੀਪ ਸਿੰਘ ਸੈਣੀ, ਦਇਆ ਸਿੰਘ, ਨਿਸ਼ਾਨ ਸਿੰਘ, ਕੰਵਲਜੀਤ ਸਿੰਘ ਢਿੱਲੋਂ, ਕੁਲਦੀਪ ਸਿੰਘ ਖਾਲਸਾ ਸੀ.ਮੀਤ ਪ੍ਰਧਾਨ, ਗੁਰਵਿੰਦਰ ਸਿੰਘ, ਭਰਪੂਰ ਸਿੰਘ, ਲਖਵੀਰ ਲੱਖਾ, ਨਿਤਿਨ ਦੀਵਾਨ, ਅਮਨਦੀਪ ਸਿੰਘ, ਹਰਬੰਸ ਸਿੰਘ ਫੌਜੀ, ਦਲਵਿੰਦਰ ਸਿੰਘ ਆਸ਼ੂ, ਪਰਮਜੀਤ ਸਿੰਘ ਹਾਜ਼ਰ ਸਨ ।

# 10 ਮਈ ਨੂੰ ਗੱਡੂ ਗੋਤ ਦੇ ਜਠੇਰਿਆਂ ਦਾ 49ਵਾਂ ਸਲਾਨਾ ਜੋੜ ਮੇਲਾ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਗੱਡੂ ਗੋਤ ਦੇ ਜਠੇਰਿਆਂ ਦਾ ਸਲਾਨਾ ਮੇਲਾ 10 ਮਈ ਨੂੰ ਉਪਲਾ ਭਮਾਂ ਵਿਖੇ ਤਪ ਸਥਾਨ ਧੰਨ ਧੰਨ ਬਾਬਾ ਅਮਰ ਸਿੰਘ ਜੀ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਰਾਮ ਕ੍ਰਿਸ਼ਨ ਸਿੰਘ ਦਾਦ ਅਤੇ ਜਨਰਲ ਸੈਕਟਰੀ ਗੁਰਚਰਨ ਸਿੰਘ ਉੱਪਲ ਨੇ ਦੱਸਿਆ ਕਿ 8 ਮਈ ਦਿਨ ਸ਼ੁਕਰਵਾਰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 10 ਮਈ ਦਿਨ ਐਤਵਾਰ ਨੂੰ ਉੱਥੇ ਰਾਗੀ ਢਾਡੀ ਅਤੇ ਬੁਲਾਰੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜ ਕੇ ਨਿਹਾਲ ਕਰਨਗੇ। ਉਹਨਾਂ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ, ਕਿ ਬਾਬਾ ਜੀ ਦੇ ਸਲਾਨਾ ਜੋੜ ਮੇਲੇ ਵਿੱਚ ਹਾਜ਼ਰੀ ਭਰ ਕੇ ਅਤੇ ਤਨ, ਮਨ, ਧਨ ਨਾਲ ਸੇਵਾ ਕਰਕੇ ਬਾਬਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਕਾਸ਼ ਸਿੰਘ ਉਪਲਾ ਚੇਅਰਮੈਨ, ਵਾਈਸ ਚੇਅਰਮੈਨ ਬਲਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਵੀਰ ਚੰਦ ਅਕਲਪੁਰ, ਮੀਤ ਪ੍ਰਧਾਨ ਬਲਵੀਰ ਸਿੰਘ ਹਲਵਾਰਾ, ਕੈਸ਼ੀਅਰ ਹਰਨੇਕ ਸਿੰਘ ਐਡਵੋਕੇਟ, ਸੁਰਿੰਦਰ ਪਾਲ ਸਿੰਘ ਅਕਲਪੁਰ, ਬੂਟਾ ਸਿੰਘ ਦਾਦ, ਬਲਵੀਰ ਸਿੰਘ ਮੰਗਲੀ ਖਾਸ, ਕੁਲਦੀਪ ਸਿੰਘ ਘਣਗਸ, ਬਲਵੀਰ ਸਿੰਘ ਨੂਰਪੁਰ ਬੇਟ, ਬਲਵੀਰ ਸਿੰਘ ਪਟਿਆਲਾ, ਜਗਜੀਵਨ ਸਿੰਘ ਰੁੜਕਾ ਆਦਿ ਹਾਜ਼ਰ ਸਨ।

# ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਸਿੰਘਪੁਰ ਵਿਖੇ ਮਹਾਰਾਜਾ ਜੱਸਾ ਸਿੰਘ ਦਾ ਜਨਮ ਦਿਹਾੜਾ ਸਮਾਗਮ ਅੱਜ

• ਭਾਈ ਰਣਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤਾ ਜਾਏਗਾ "ਪਹਿਲਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਐਵਾਰਡ"

**ਹੁਸ਼ਿਆਰਪੁਰ, 4 ਮਈ ( ਤਰਸੇਮ ਦੀਵਾਨਾ ) –** ਖਾਲਸਾ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 303ਵਾਂ ਜਨਮ ਦਿਹਾੜਾ ਇਤਿਹਾਸਿਕ ਕਿਲ੍ਹਾ ਮਹਾਰਾਜ ਜੱਸਾ ਸਿੰਘ ਜੀ ਰਾਮਗੜ੍ਹੀਆ ਸਿੰਘਪੁਰ ਬਰਨਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 5 ਮਈ ਨੂੰ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ । ਇਹ ਜਾਣਕਾਰੀ ਦਿੰਦਿਆਂ ਕਿਲ੍ਹਾ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ ਦੇ ਚੇਅਰਮੈਨ ਅਤੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਅਤੇ ਟਰੱਸਟ ਦੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਨੇ ਦੱਸਿਆ ਕਿ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਪੰਥ ਦੇ ਮਹਾਨ ਜਰਨੈਲ ਹੋਏ ਹਨ ਜਿਨ੍ਹਾਂ ਦੀ ਅਗਵਾਈ ਵਿੱਚ ਖਾਲਸਾ ਫੌਜਾਂ ਨੇ ਦਿੱਲੀ ਫਤਿਹ ਕਰਕੇ ਇਤਿਹਾਸ 'ਚ ਖਾਲਸਾਈ ਨਿਸ਼ਾਨ ਬੁਲੰਦ ਕੀਤਾ ਜਿਨ੍ਹਾਂ ਦੀ ਇਸ ਮਹਾਨ ਫਤਹਿ ਦੇ ਸਤਿਕਾਰ ਵਜੋਂ ਉਹਨਾਂ ਨੂੰ ਮਹਾਰਾਜਾ ਦਾ ਖਿਤਾਬ ਦਿੱਤਾ ਗਿਆ ਅਜਿਹੇ ਮਹਾਨ ਜਰਨੈਲ



ਦੀ ਵਿਰਾਸਤੀ ਨਿਸ਼ਾਨੀ ਕਿਲਾ ਮਹਾਰਾਜਾ ਜੱਸਾ ਸਿੰਘ ਜੀ ਰਾਮਗੜੀਆ ਸਿੰਘਪੁਰ ਬਰਨਾਲਾ ਜਿਲਾ ਹੁਸ਼ਿਆਰਪੁਰ ਵਿਖੇ ਉਹਨਾਂ ਦਾ ਜਨਮ ਦਿਹਾੜਾ 5 ਮਈ ਨੂੰ ਮਨਾਇਆ ਜਾ ਰਿਹਾ ਹੈ ਜਿੱਥੇ ਸਮੁੱਚੀ ਕੌਮ ਦਾ ਬਹੁਤ ਵੱਡਾ ਇਕੱਠ ਹੋਵੇਗਾ । ਇਸ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਸਾਰੇ ਸੇਵਾਦਾਰਾਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ । ਉਨ੍ਹਾਂ ਦੱਸਿਆ ਕਿ ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕਥਾ ਕੀਰਤਨ ਸਮਾਗਮ ਹੋਵੇਗਾ । ਇਸ ਸਮਾਗਮ ਵਿੱਚ ਪੰਥ ਦੇ ਮਹਾਨ ਜਰਨੈਲ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਉਨ੍ਹਾਂ ਦੀਆਂ ਖਾਲਸਾ ਪੰਥ ਪ੍ਰਤੀ ਮਹਾਨ ਸੇਵਾਵਾਂ ਦੇ ਸਤਿਕਾਰ ਵਜੋਂ "ਪਹਿਲਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਐਵਾਰਡ" ਦਿੱਤਾ ਜਾਵੇਗਾ । ਉਨ੍ਹਾਂ ਸਮੂੰਹ ਸੰਗਤਾਂ ਨੂੰ ਇਸ ਸਮਾਗਮ ਵਿੱਚ ਹੁਮਹੁਮਾ ਕੇ ਸ਼ਾਮਿਲ ਹੋਣ ਦੀ ਅਪੀਲ ਕੀਤੀ । ਇਸ ਮੌਕੇ ਚੇਅਰਮੈਨ ਹਰਦੇਵ ਸਿੰਘ ਕੌਂਸਲ, ਪ੍ਰਧਾਨ ਹਰਬੰਸ ਸਿੰਘ ਟਾਂਡਾ, ਕਰਨੈਲ ਸਿੰਘ ਮਾਲਵਾ, ਹਰਭਜਨ ਸਿੰਘ ਟਾਂਡਾ, ਜੋਗਿੰਦਰ ਸਿੰਘ ਟਾਂਡਾ, ਗੁਰਦੀਪ ਸਿੰਘ ਭੱਟੀ ਦਸੂਹਾ, ਡਾ. ਚੈਨ ਸਿੰਘ ਦਸੂਹਾ, ਗੁਰਮੁਖ ਸਿੰਘ, ਦਵਿੰਦਰ ਸਿੰਘ ਕੈਸ਼ੀਅਰ, ਲਖਵੀਰ ਸਿੰਘ ਮੈਨੇਜਰ, ਬਲਵੀਰ ਸਿੰਘ, ਜਰਨਲ ਸਕੱਤਰ, ਰਵਿੰਦਰ ਸਿੰਘ ਰਾਮਗੜ੍ਹ ਕੁੱਲੀਆਂ, ਗੁਰਬਿੰਦਰ ਸਿੰਘ ਪਲਾਹਾ, ਗੁਰਦੇਵ ਸਿੰਘ ਪੋਵਾਰ ਐਕਸੀਅਨ ਰਿਟਾ., ਜਸਵੰਤ ਸਿੰਘ ਭੋਗਲ ਹੁਸ਼ਿਆਰਪੁਰ, ਬਲਜਿੰਦਰ ਸਿੰਘ, ਅਮਰਜੋਤ ਸਿੰਘ, ਰਘੁਵੀਰ ਸਿੰਘ, ਨਵਦੀਪ ਸਿੰਘ ਤੇ ਮਾਈ ਭਾਗੋ ਸੁਖਮਨੀ ਸੇਵਾ ਸਾਹਿਬ ਸੇਵਾ ਸੁਸਾਇਟੀ ਦੀਆਂ ਮੈਂਬਰ ਬੀਬੀਆਂ ਅਤੇ ਯੂਥ ਵਿੰਗ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ ।

**ਫੋਟੋ ਅਜਮੇਰ ਦੀਵਾਨਾ**

# ਕਾਰਲ ਮਾਰਕਸ ਦੇ ਜਨਮ ਦਿਹਾੜੇ ਤੇ ਵਿਚਾਰ ਚਰਚਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਕਾਰਲ ਮਾਰਕਸ ਦੇ 208ਵੇਂ ਜਨਮ ਦਿਹਾੜੇ ਮੌਕੇ 5 ਮਈ ਸਵੇਰੇ ਠੀਕ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਭਾਈ ਸੰਤੋਖ ਸਿੰਘ ਕਿਰਤੀ ਭਾਸ਼ਣ ਲੜੀ ਤਹਿਤ ਹੋ ਰਹੇ ਵਿਚਾਰ ਚਰਚਾ ਸਮਾਗਮ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਿਕਤਾ' ਵਿਸੇ 'ਤੇ



ਲੇਖਕ, ਜਮਹੂਰੀ ਹੱਕਾਂ ਦੇ ਝੰਡਾਬਰਦਾਰ ਅਤੇ ਮਿਆਰੀ ਸਾਹਿਤ ਦੇ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ ਇਸ ਵਿਚਾਰ ਚਰਚਾ ਵਿੱਚ ਮੁੱਖ ਵਕਤਾ ਹੋਣਗੇ। ਉਹਨਾਂ ਦੱਸਿਆ ਕਿ ਸਮੂਹ ਸਾਹਿਤਕ ਸਭਿਆਚਾਰਕ, ਜਮਹੂਰੀ, ਤਰਕਸ਼ੀਲ, ਮਿਹਨਤਕਸ਼ ਵਰਗਾਂ ਨਾਲ ਸੰਬੰਧਿਤ ਅਤੇ ਸਮਾਜਿਕ, ਲੋਕ ਪੱਖੀ ਸਮੂਹ ਸੰਸਥਾਵਾਂ ਨੂੰ ਵਿਚਾਰ ਚਰਚਾ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ ਜਿਸਨੂੰ ਭਰਵਾਂ ਹੁੰਗਾਰਾ ਭਰਿਆ ਜਾ ਰਿਹਾ ਹੈ।

# ਬੰਗਾਲ, ਅਸਾਮ ਸਮੇਤ ਹੋਰ ਰਾਜਾਂ ਵਿੱਚ ਜਿੱਤ ਨੇ ਸਾਬਤ ਕੀਤਾ ਭਾਜਪਾ ਦਾ ਦੇਸ਼ ਵਿੱਚ ਕੋਈ ਬਦਲ ਨਹੀਂ : ਡਾ. ਰਮਨ ਘਈ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਹੀ ਨਹੀਂ ਵਿਸ਼ਵ ਵਿੱਚ ਵੀ ਲੋਕਾਂ ਦੀ ਪਹਿਲੀ ਪਸੰਦ ਹੈ

**ਹੁਸ਼ਿਆਰਪੁਰ 4 ਮਈ (ਤਰਸੇਮ ਦੀਵਾਨਾ) –** ਭਾਜਪਾ ਸਪੋਰਟਸ ਸੈੱਲ ਵੱਲੋਂ ਪੱਛਮੀ ਬੰਗਾਲ, ਅਸਾਮ ਸਮੇਤ ਹੋਰ ਰਾਜਾਂ ਵਿੱਚ ਪਾਰਟੀ ਦੀ ਜਿੱਤ ਅਤੇ ਸ਼ਾਨਦਾਰ ਪ੍ਰਦਰਸ਼ਨ ਦੇ ਮੌਕੇ 'ਤੇ ਇੱਕ ਜੇਤੂ ਸਮਾਰੋਹ ਦਾ ਆਯੋਜਨ ਸਾਬਕਾ ਭਾਜਪਾ ਸਪੋਰਟਸ ਸੈੱਲ ਸੂਬਾਈ ਪ੍ਰਧਾਨ ਡਾ. ਰਮਨ ਘਈ ਦੀ ਅਗਵਾਈ ਹੇਠ ਕੀਤਾ ਗਿਆ। ਪੰਜ ਰਾਜਾਂ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਅਤੇ ਪ੍ਰਦਰਸ਼ਨ ਕਰਦਿਆਂ ਡਾ. ਰਮਨ ਘਈ ਨੇ ਇਸਨੂੰ ਪਾਰਟੀ ਆਗੂਆਂ ਅਤੇ ਵਰਕਰਾਂ ਦੀ ਜਿੱਤ ਦੱਸਿਆ। ਡਾ. ਘਈ ਨੇ ਬੰਗਾਲ, ਅਸਾਮ ਅਤੇ ਹੋਰ ਰਾਜਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਅਤੇ ਭਾਜਪਾ ਦੀ ਸਰਕਾਰ ਬਣਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਕੇਂਦਰ ਦੀ ਸਮੁੱਚੀ ਲੀਡਰਸ਼ਿਪ ਅਤੇ ਬੰਗਾਲ ਦੇ ਭਾਜਪਾ ਆਗੂਆਂ ਅਤੇ ਵਰਕਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਇਸ ਜਿੱਤ ਨੇ ਅੱਜ ਸਾਬਤ ਕਰ ਦਿੱਤਾ ਹੈ ਕਿ ਦੇਸ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦਾ ਕੋਈ ਬਦਲ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੂਰੇ ਭਾਰਤ ਨੂੰ ਭਾਜਪਾ ਨੇ ਕਾਂਗਰਸ



ਮੁਕਤ ਬਣਾਇਆ ਹੈ, ਉਸ ਦਾ ਸਿਹਰਾ ਪਾਰਟੀ ਦੀ ਉੱਚ ਲੀਡਰਸ਼ਿਪ ਅਤੇ ਮਿਹਨਤੀ ਵਰਕਰਾਂ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿੱਚ ਵਿਸ਼ਵ ਨੇਤਾ ਵਜੋਂ ਪਹਿਲੀ ਪਸੰਦ ਹਨ। ਪਾਰਟੀ ਦੀ ਇਸ ਜਿੱਤ 'ਤੇ ਉਨ੍ਹਾਂ ਨੇ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਵੀ ਭਾਜਪਾ ਪੱਛਮੀ ਬੰਗਾਲ ਅਤੇ ਹੋਰ ਰਾਜਾਂ ਵਾਂਗ ਆਪਣਾ ਝੰਡਾ ਲਹਿਰਾ ਕੇ ਭਾਜਪਾ ਸਰਕਾਰ ਬਣਾਏਗੀ। ਇਸ ਮੌਕੇ ਵਰਕਰਾਂ ਨੂੰ ਵਧਾਈ ਦਿੰਦਿਆਂ ਵਰਕਰਾਂ ਵਿੱਚ ਲੱਡੂ ਵੰਡੇ ਗਏ। ਬੰਗਾਲ, ਅਸਾਮ ਅਤੇ ਹੋਰ ਰਾਜਾਂ ਵਿੱਚ ਭਾਜਪਾ ਦੀ ਵੱਡੀ ਜਿੱਤ 'ਤੇ ਭਾਜਪਾ ਆਗੂ ਡਾ. ਪੰਕਜ ਸ਼ਰਮਾ ਨੇ ਵਰਕਰਾਂ ਨੂੰ ਵਧਾਈ ਦਿੰਦਿਆਂ ਇਸਨੂੰ ਵਰਕਰਾਂ ਦੀ ਮਿਹਨਤ ਅਤੇ ਲਗਨ ਨਾਲ ਚੋਣਾਂ ਵਿੱਚ ਕੀਤੇ ਗਏ ਪਾਰਟੀ ਪ੍ਰਤੀ ਕੰਮ ਦੀ ਜਿੱਤ ਦੱਸਿਆ। ਭਾਜਪਾ ਸਪੋਰਟਸ ਸੈੱਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਮੋਹਿਤ ਸੰਧੂ ਨੇ ਵਰਕਰਾਂ ਨੂੰ ਇਸ ਵੱਡੀ ਜਿੱਤ 'ਤੇ ਵਧਾਈ ਦਿੰਦਿਆਂ ਕਿਹਾ ਕਿ 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਾਰੇ ਤਿਆਰ ਰਹਿਣ ਅਤੇ ਬੰਗਾਲ, ਅਸਾਮ ਅਤੇ ਹੋਰ ਰਾਜਾਂ ਵਿੱਚ ਵਰਕਰਾਂ ਵਾਂਗ ਪੰਜਾਬ ਵਿੱਚ ਵੀ ਜ਼ਮੀਨੀ ਪੱਧਰ 'ਤੇ ਪਾਰਟੀ ਦੀਆਂ ਲਾਭਕਾਰੀ ਨੀਤੀਆਂ ਨੂੰ ਘਰ-ਘਰ ਪਹੁੰਚਾ ਕੇ ਪੰਜਾਬ ਵਿੱਚ ਵੀ ਭਾਜਪਾ ਸਰਕਾਰ ਬਣਾਉਣ ਵਿੱਚ ਆਪਣਾ ਯੋਗਦਾਨ ਦੇਵੇਗੀ। ਇਸ ਮੌਕੇ ਡਾ. ਰਾਜਕੁਮਾਰ ਸੈਣੀ, ਮਨਿੰਦਰ ਅਟਵਾਲ, ਡਾ. ਵਸ਼ਿਸ਼ਟ ਕੁਮਾਰ, ਗੁਰਪ੍ਰੀਤ ਧਾਮੀ, ਜਸਵੀਰ ਸਿੰਘ, ਵਿਵੇਕ ਕਪੂਰ, ਕਰਨੈਲ ਸਿੰਘ, ਮਨੀ ਕੁਮਾਰ, ਰੋਬਿਨ ਗੋਇਲ, ਸੁਨੀਲ ਸ਼ਰਮਾ, ਸ਼ਕਤੀ ਵਰਮਾ, ਬਬਲੂ, ਕਰਨ, ਬਾਦਲ ਸਿੰਘ, ਕਾਬਲ ਸਿੰਘ, ਗਗਨਦੀਪ ਆਦਿ ਵਰਕਰ ਹਾਜ਼ਰ ਸਨ। ਭਾਜਪਾ ਦੀ ਇਸ ਵੱਡੀ ਜਿੱਤ 'ਤੇ ਭਾਜਪਾ ਸਪੋਰਟਸ ਸੈੱਲ ਦੇ ਵਰਕਰਾਂ ਨੇ ਢੋਲ ਵਜਾ ਕੇ ਅਤੇ ਮਠਿਆਈਆਂ ਵੰਡ ਕੇ ਜਿੱਤ ਦਾ ਜਸ਼ਨ ਮਨਾਇਆ।

**ਫੋਟੋ ਅਜਮੇਰ ਦੀਵਾਨਾ**

# ਪਿੰਡ ਕੜਾਲ ਨੌ ਅਬਾਦ ਤੋਂ ਤਲਵੰਡੀ ਪਾਂਈ ਤੱਕ ਬਣਨ ਵਾਲੀ 18 ਫੁੱਟ ਸੜਕ ਦੀ ਸੱਜਣ ਸਿੰਘ ਚੀਮਾ ਵੱਲੋਂ ਸ਼ੁਰੂਆਤ

## ਕਿਸੇ ਵੀ ਪਿੰਡ ਨਵੀਂ ਸੜਕ ਬਣਨ ਵਾਲੀ ਹੈ ਤਾਂ ਧਿਆਨ ਵਿੱਚ ਲਿਆਂਦੀ ਜਾਵੇ – ਸੱਜਣ ਸਿੰਘ ਚੀਮਾ

**ਕਪੂਰਥਲਾ ( ਕੌੜਾ )–** ਪਿੰਡ ਕੜਾਲ ਨੌ ਆਬਾਦ ਤੋਂ ਤਲਵੰਡੀ ਪਾਂਈ ਤੱਕ ਨਵੀ ਬਣਨ ਜਾ ਰਹੀ 18 ਫੁੱਟ ਸੜਕ ਦਾ ਉਦਘਾਟਨ ਹਲਕਾ ਇੰਚਾਰਜ ਤੇ ਚੇਅਰਮੈਨ ਨਗਰ ਸੁਧਾਰ ਟਰਸਟ ਕਪੂਰਥਲਾ ਸੱਜਣ ਸਿੰਘ ਚੀਮਾ ਦੁਆਰਾ ਕੀਤਾ ਗਿਆ। ਇਲਾਕਾ ਨਿਵਾਸੀਆਂ ਦੀ ਦਿੱਕਤ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਅਤੇ ਇੰਪਰੂਵਮੈਂਟ ਟਰੱਸਟ ਕਪੂਰਥਲਾ ਦੇ ਚੇਅਰਮੈਨ ਸੱਜਣ ਸਿੰਘ ਚੀਮਾ ਨੇ ਨਿੱਜੀ ਦਿਲਚਸਪੀ ਲੈਂਦਿਆਂ ਨਵੀਂ ਸੜਕ ਮਨਜ਼ੂਰ ਕਰਵਾ ਕੇ ਨਿਰਮਾਣ ਕਾਰਜ ਸ਼ੁਰੂ ਕਰਵਾ ਦਿੱਤੇ। ਇਸ ਦੌਰਾਨ ਸੱਜਣ ਸਿੰਘ ਚੀਮਾ ਨੇ ਕਿਹਾ ਕਿ 2.1ਕਿਲੋਮੀਟਰ ਬਣਨ ਵਾਲੀ ਇਸ ਸੜਕ ਦੇ ਉੱਤੇ 1. 58 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਮੌਕੇ ਪਿੰਡ ਦੇ ਸਰਪੰਚ ਰਤਨ ਸਿੰਘ ਕੜਾਲ ਨੌ ਆਬਾਦ,ਚਰਨਜੀਤ ਸਿੰਘ ਸਾਹ,ਸੋਹਣ ਸਿੰਘ ਸਰਪੰਚ ਮਿੱਠਾ, ਕੁਲਵੰਤ ਸਿੰਘ ਸਰਪੰਚ ਤਲਵੰਡੀ ਪਾਂਈ ਦੀ ਅਗਵਾਈ ਹੇਠ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ। ਸਮਾਗਮ ਨੂੰ



ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਬਲਾਕ ਅੰਦਰ ਸਾਰੀਆਂ ਸੜਕਾਂ ਉੱਪਰ ਪ੍ਰੀਮਿਕਸ ਪਾਇਆ ਜਾ ਰਿਹਾ ਹੈ ਅਤੇ ਨਵੀਆਂ ਸੜਕਾਂ ਮਨਜ਼ੂਰ ਕਰਵਾ ਕੇ ਉਨ੍ਹਾਂ ਦਾ ਕੰਮ ਵੀ ਜ਼ੰਗੀ ਪੱਧਰ ਤੇ ਚੱਲ ਰਿਹਾ ਹੈ। ਉਨ੍ਹਾਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇ ਕਿਸੇ ਵੀ ਪਿੰਡ ਨਵੀਂ ਸੜਕ ਬਣਨ ਵਾਲੀ ਹੈ ਤਾਂ ਉਹ ਤਰੁੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਉਨ੍ਹਾਂ ਨੇ ਕਿਹਾ ਕਿ 40 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਹ ਪੁਲੀ ਬਹੁਤ ਜ਼ਲਦੀ ਤਿਆਰ ਹੋ ਜਾਵੇਗੀ। ਉਨ੍ਹਾਂ ਨੇ ਪਿੰਡ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਗ੍ਰਾਂਟਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਸੀਨੀਅਰ ਆਪ ਆਗੂ ਅਤੇ ਸਰਪੰਚ ਮੇਜਰ ਸਿੰਘ ਜੈਨਪੁਰ, ਜਗੀਰ ਸਿੰਘ ਸਾਹ ਪੰਚ, ਸੁਖਦੇਵ ਸਿੰਘ ਪੰਚ, ਗੁਰਦੀਪ ਸਿੰਘ ਝੰਡ, ਗਿਆਨ ਸਿੰਘ ਤਲਵੰਡੀ ਪਾਂਈ, ਗੁਰਦੀਪ ਸਿੰਘ, ਤਰਸੇਮ ਸਿੰਘ ਕੌੜਾ, ਜਸਵੀਰ ਸਿੰਘ ਕੌੜਾ, ਕੁਲਬੀਰ ਸਿੰਘ ਕੌੜਾ, ਸੁਰਿੰਦਰ ਸਿੰਘ ਸਾਹ, ਜੋਗਿੰਦਰ ਸਿੰਘ ਸਾਹ, ਰੇਸ਼ਮ ਸਿੰਘ ਮੋਮੀ, ਸਲਿੰਦਰ ਸਿੰਘ, ਨੰਬਰਦਾਰ ਰੇਸ਼ਮ ਸਿੰਘ, ਨੰਬਰਦਾਰ ਗਿਆਨ ਸਿੰਘ ਸਾਹ, ਹਰਜੀਤ ਸਿੰਘ ਪ੍ਰਧਾਨ ਕੋਆਪਰੇਟਿਵ ਸੋਸਾਇਟੀ ਜੈਨਪੁਰ, ਨੰਬਰਦਾਰ ਵਜਿੰਦਰ ਸਿੰਘ, ਬਲਵੀਰ ਸਿੰਘ ਮਿੱਠਾ ਨੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾ ਇਹ ਸੜਕ ਦੇ ਨਿਰਮਾਣ ਕਾਰਜ ਸ਼ੁਰੂ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਗ੍ਰਾਂਟਾਂ ਨਾਲ਼ ਪਿੰਡ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਪਹੁੰਚਣ ਤੇ ਨਗਰ ਕੀਰਤਨ ਦਾ ਨਿੱਘਾ ਸਵਾਗਤ

## ਵੱਖ–ਵੱਖ ਪਿੰਡਾਂ ਦੀਆਂ ਸੰਗਤਾਂ ਨੇ ਕੀਤਾ ਸਵਾਗਤ ਤੇ ਲਗਾਏ ਲੰਗਰ

**ਕਪੂਰਥਲਾ, 4 ਮਈ (ਕੌੜਾ )–** ਪਰਉਪਕਾਰੀ ਮਹਾਨ ਸ਼ਹੀਦ ਧੰਨ ਧੰਨ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ 182ਵੇਂ ਸ਼ਹੀਦੀ ਜੋੜ ਮੇਲੇ ਸਤਾਈਆਂ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਸੰਗਤ ਸਾਹਿਬ ਮਾਰਕਫੈਡ ਚੌਂਕ ਕਪੂਰਥਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਅਤੇ ਪੰਜ ਪਿਆਰਿਆਂ ਦੀ ਸੁਚੱਜੀ ਅਗਵਾਈ ਤਹਿਤ ਮਹੱਲਾ ਸੰਤਪੁਰਾ, ਪਿੰਡ ਭਗਤਪੁਰ ,ਦੰਦੂਪੁਰ, ਭਗਵਾਨਪੁਰ, ਝੁਗੀਆਂ ਗੁਲਾਮ, ਮਜਾਦਪੁਰ, ਕੁੱਲੀਆਂ, ਰੱਤਾ ਨੌ ਅਬਾਦ, ਕੋਲੀਆਂਵਾਲ, ਅੱਡਾ ਸਾਬੂਵਾਲ, ਦਰੀਏਵਾਲ, ਟੋਡਰਵਾਲ, ਨਵਾਂ ਠੱਟਾ, ਪੁਰਾਣਾ ਠੱਟਾ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਪਹੁੰਚ ਕੇ ਜੈਕਾਰਿਆਂ ਦੀ ਗੂੰਜ ਵਿੱਚ ਸੰਪੰਨ ਹੋਇਆ। ਨਗਰ ਕੀਰਤਨ ਦੇ



ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਪਹੁੰਚਣ ਤੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਨਿੱਘਾ ਸਵਾਗਤ ਕੀਤਾ ਗਿਆ। ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਨਗਰ ਕੀਰਤਨ ਦੇ ਸਮਾਪਤੀ ਦੀ ਅਰਦਾਸ ਹੋਈ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਅਤੇ ਨਗਰ ਕੀਰਤਨ ਦੇ ਪ੍ਰਬੰਧਕਾਂ ਦਾ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਵੱਲੋਂ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਲੈ ਕੇ ਸਮਾਪਤੀ ਤੱਕ ਦੇ ਸਫਰ ਦੌਰਾਨ ਸਮੁੱਚੇ ਇਲਾਕੇ ਦੀਆਂ ਸੰਗਤਾਂ ਵੱਲੋਂ ਥਾਂ ਥਾਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਨਗਰ ਕੀਰਤਨ ਦੀਆਂ ਸੰਗਤਾਂ ਵਾਸਤੇ ਵਿਸ਼ਾਲ ਲੰਗਰ ਲਗਾਏ ਗਏ। ਨਗਰ ਕੀਰਤਨ ਦੀਆਂ ਸਮੁੱਚੀਆਂ ਸੰਗਤਾਂ ਵਾਸਤੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਵਿਸ਼ਾਲ ਲੰਗਰਾਂ ਦਾ ਆਯੋਜਨ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਬਜਾਜ ਠੱਟਾ ਨਵਾਂ ਵੱਲੋਂ ਨਿਭਾਈ ਗਈ।

# 25ਵੀਂ ਵਰੇਗੰਢ ਮੌਕੇ ਹੀਰਾ ਕਲੀਨਿਕਲ ਲੈਬ 'ਚ ਮਿਲਣਗੇ ਹੁਣ ਵੱਡੇ ਡਿਸਕਾਉਂਟ ਪੈਕੇਜ : ਡਾ. ਐੱਸ. ਕੇ.ਹੀਰਾ

**ਹੁਸ਼ਿਆਰਪੁਰ, 4 ਮਈ (ਤਰਸੇਮ ਦੀਵਾਨਾ )**

ਮਾਨਵਤਾ ਦੀ ਸੇਵਾ ਲਈ ਕਾਰਜਸ਼ੀਲ ਹੀਰਾ ਕਲੀਨਿਕਲ ਲੈਬ ਹੁਸ਼ਿਆਰਪੁਰ ਦੇ ਵੱਧਦੇ ਕਦਮ ਹੁਣ ਮਾਹਿਲਪੁਰ ਤੱਕ ਵੀ ਪਹੁੰਚ ਗਏ ਹਨ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੀਰਾ ਕਲੀਨਿਕਲ ਲੈਬ ਦੇ ਐੱਮਡੀ ਡਾ ਐੱਸ. ਕੇ. ਹੀਰਾ ਨੇ ਦੱਸਿਆ ਕਿ ਸਾਲ 2001 ਵਿੱਚ ਸਥਾਪਿਤ ਹੋਈ ਹੀਰਾ ਕਲੀਨਿਕਲ ਲੈਬ ਦੀ 25ਵੀਂ ਵਰੇਗੰਢ ਮੌਕੇ ਆਪਣੇ ਟੈਸਟ ਕਰਾਉਣ ਵਾਲੇ ਮਰੀਜ਼ਾਂ ਲਈ ਇੱਕ ਵਿਸ਼ੇਸ਼ ਸਕੀਮ ਲਾਂਚ ਕੀਤੀ ਗਈ ਹੈ ਜਿਸ ਤਹਿਤ ਮਰੀਜ਼ਾਂ ਨੂੰ 50% ਤੱਕ ਦੇ ਡਿਸਕਾਉਂਟ ਪੈਕੇਜ ਦਿੱਤੇ ਜਾ ਰਹੇ ਹਨ । ਇਸ ਪੈਕਜ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ 13000 ਰੂਪਏ ਦੀ ਕੀਮਤ ਵਾਲੇ ਫੁੱਲ ਬਾਡੀ ਚੈਕ ਅਪ ਟੈਸਟ ਕੇਵਲ 5500 ਰੁਪਏ ਵਿੱਚ ਕੀਤੇ ਜਾ ਰਹੇ ਹਨ । ਇਸ ਤੋਂ ਇਲਾਵਾ 1800 ਦੀ ਕੀਮਤ ਵਾਲਾ



ਪ੍ਰੋਫਾਈਲ–1 ਟੈਸਟ ਕੇਵਲ 900 ਰੁਪਏ ਵਿੱਚ,3200 ਵਾਲਾ ਪ੍ਰੋਫਾਈਲ –2 ਟੈਸਟ ਕੇਵਲ 1400 ਰੁਪਏ,5500 ਵਾਲਾ ਪ੍ਰੋਫਾਈਲ ਟੈਸਟ ਕੇਵਲ 2800 ਰੁਪਏ ਵਿੱਚ ਅਤੇ 8200 ਵਾਲਾ ਪ੍ਰੋਫਾਈਲ ਟੈਸਟ ਕੇਵਲ 4000 ਰੁਪਏ ਵਿੱਚ ਕੀਤਾ ਜਾਵੇਗਾ । ਡਾ ਐੱਸਕੇ ਹੀਰਾ ਨੇ ਦੱਸਿਆ ਕਿ ਹੀਰਾ ਕਲੀਨੀਕਲ ਲੈਬ ਦੀ ਸਫਲਤਾ ਦਾ ਰਾਜ਼ ਇਸਦੀਆਂ ਹਾਈ ਕੁਆਲਿਟੀ ਦੀਆਂ ਮਸ਼ੀਨਾਂ ਨਾਲ 100% ਸਹੀ ਰਿਜ਼ਲਟ ਕਾਰਨ ਹੀ ਹੈ ਜਿਸ ਨਾਲ ਮਰੀਜ਼ਾਂ ਦਾ ਭਰੋਸਾ ਹਾਸਿਲ ਹੋਇਆ ਹੈ ਇਸੇ ਕਾਰਨ ਹੁਣ ਜਲਦੀ ਹੀ ਮਾਹਿਲਪੁਰ ਵਿਖ਼ੇ ਵੀ ਹੀਰਾ ਕਲੀਨਿਕਲ ਲੈਬ ਦੀ ਬ੍ਰਾਂਚ ਸਥਾਪਿਤ ਕੀਤੀ ਜਾ ਰਹੀ ਹੈ ।



## ਕਾਵਿ ਸੰਦੇਸ਼/ ਹੱਥਾਂ ਦੀਆਂ ਲਕੀਰਾਂ

ਤੂੰ ਮਿਹਨਤ ਕਰਦਾ ਅੱਕਿਆ ਕਰ ਨਾ ਥੱਕਿਆ ਕਰ।
ਹਰ ਇੱਕ ਜ਼ਿੰਮੇਵਾਰੀ ਨੂੰ ਨਾ ਹੋਰਾਂ ਵੱਲ ਧੱਕਿਆ ਕਰ।
ਤੂੰ ਦਿਲੋ -ਦਿਮਾਗ਼ ਤੇ ਤਨ -ਮਨ ਤੋਂ ਕੰਮ ਲੈਣਾ ਸਿੱਖ ;
ਤੂੰ ਹੱਥਾਂ ਦੀਆਂ ਲਕੀਰਾਂ ਨੂੰ ਨਾ ਹਰਦਮ ਤੱਕਿਆ ਕਰ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

## ਜਜ਼ਬਾਤ

ਐਨਾ ਵੀ ਨਾ ਉਛਾਲ ਕਿ ਹੱਥੋਂ ਛੁੱਟ ਜਾਵਾਂਗੇ..,
ਠੋਕਰਾਂ ਵੀ ਨਾ ਮਾਰ ਅਸੀਂ ਟੁੱਟ ਜਾਵਾਂਗੇ..!

ਸਕੂਨ ਦੀਆਂ ਛਾਵਾਂ ਤੋਂ ਨਾ ਇੰਝ ਕਰ ਜੁਦਾ..,
ਗਮ ਦੀ ਧੁੱਪੇ ਕੱਖਾਂ ਵਾਂਗੂੰ ਸੁੱਕ ਜਾਵਾਂਗੇ..!

ਤਲਾਸ਼ ਦਾ ਫਿਰੇਂਗਾ ਕੂ ਬ ਕੂ ਪਿੰਡ ਦਰ ਪਿੰਡ.,
ਮਿਲਣੇ ਨਈਂ ਕਬਰਾਂ ਚ ਇੰਝ ਛੁੱਪ ਜਾਵਾਂਗੇ.,

ਇਹ ਗਰੂਰ ਵੀ ਨਈ ਕਿ ਪੈਰ ਫੜ, ਹੱਥ ਜੋੜ..,
ਜਰਾ ਅਵਾਜ਼ ਦੇ ਪਹਿਲੇ ਬੋਲ ਈ ਰੁਕ ਜਾਵਾਂਗੇ..!

ਇਸ ਕਦਰ ਨਾ ਥਾਂ ਥਾਂ ਸ਼ਰੇਆਮ ਵਰਤ ਮੈਨੂੰ.,
ਸਖ਼ਤ ਜਰੂਰਤ ਪੈਣ ਤੱਕ ਅਸੀਂ ਮੁੱਕ ਜਾਵਾਂਗੇ..!



ਸੰਦੀਪ ਖੁੱਲਰ।

## ਤਣਾਅ ਭਰੀ ਜ਼ਿੰਦਗੀ ਦਾ ਸਫ਼ਰ

ਦੁੱਖਾਂ ਭਰੇ ਪੈਂਡੇ ਉੱਤੇ, ਲੱਭਦਾ ਕੋਈ ਰਾਹ ਨਹੀਂ,
ਜ਼ਿੰਦਗੀ ਦੇ ਸਫ਼ਰਾਂ 'ਚ, ਸੁੱਖ ਵਾਲਾ ਸਾਹ ਨਹੀਂ।
ਇੱਕ ਮੁੱਕੇ ਦੂਜੀ ਆਵੇ, ਮੁਸੀਬਤਾਂ ਦਾ ਘੇਰਾ ਏ,
ਚਾਰ-ਚੁਫੇਰੇ ਦਿਸਦਾ ਬਸ, ਸੋਚਾਂ ਦਾ ਹਨ੍ਹੇਰਾ ਏ।
ਪਹੁ ਫੁਟਾਲੇ ਉੱਠਦਿਆਂ ਹੀ, ਚਿੰਤਾ ਪੈਂਦੀ ਖਾਣ ਨੂੰ,
ਢਲਦੀ ਏ ਸ਼ਾਮ ਜਦੋਂ, ਆਵੇ ਜਿੰਦ ਡਰਾਉਣ ਨੂੰ।
ਵੇਲਾ ਪਿਆ ਦੌੜਦਾ ਏ, ਫੜ੍ਹਿਆ ਨਾ ਜਾਵੰਦਾ,
ਕਿਹਨੂੰ ਦੁੱਖ ਦੱਸੇ ਬੰਦਾ, ਅੰਦਰੇ ਘੁੱਟਿਆ ਜਾਵੰਦਾ।
ਸੋਚਾਂ ਦੇ ਭੰਵਰਾਂ ਵਿੱਚ, ਬੇੜੀ ਪਈ ਡੋਲਦੀ,
ਮਨ ਦੀ ਉਹ ਸ਼ਾਂਤੀ ਨੂੰ, ਜਿੰਦੜੀ ਪਈ ਟੋਲ੍ਹਦੀ।
ਹੱਸਣਾ ਤਾਂ ਭੁੱਲਿਆ ਏ, ਬੁੱਲ੍ਹਾਂ ਉੱਤੇ ਚੁੱਪ ਏ,
ਸਾਡੇ ਹਿੱਸੇ ਆਈ ਕਾਹਤੋਂ, ਗ਼ਮਾਂ ਵਾਲੀ ਧੁੱਪ ਏ।
ਹੋਣਾ ਇੱਕ ਦਿਨ ਸ਼ਾਂਤ ਸਭ, ਆਸ ਮੈਂ ਮੁਕਾਈ ਨਾ,
ਦੁੱਖਾਂ ਦੇ ਤੂਫ਼ਾਨਾਂ ਅੱਗੇ, ਈਨ ਮੈਂ ਮੰਨਾਈ ਨਾ।
ਤਣਾਅ ਵਾਲੇ ਬੱਦਲਾਂ ਨੇ, ਇੱਕ ਦਿਨ ਛੱਟ ਜਾਵਣਾ,
ਨਵੀਂ ਸਵੇਰ ਵਾਲਾ ਸੂਰਜ, ਵਿਹੜੇ ਵਿੱਚ ਆਵਣਾ।
'ਖਿੱਚੀ' ਹੌਸਲਾ ਤੂੰ ਰੱਖੀ, ਛੱਡੀਂ ਨਾ ਤੂੰ ਹਾਸਾ,
ਹਨ੍ਹੇਰੀਆਂ ਮਗਰੋਂ ਆਉਣੀ ਧੁੱਪ, ਰੱਖੀਂ ਤੂੰ ਧਰਵਾਸਾ।
ਮੁੱਕਣੇ ਕਲੇਸ਼ ਸਾਰੇ, ਵੇਲਾ ਬਦਲ ਜਾਵੇਗਾ,
ਤਣਾਅ ਭਰੀ ਜ਼ਿੰਦਗੀ 'ਚ, ਖੇੜਾ ਪਰਤ ਆਵੇਗਾ!



ਪ੍ਰੋ. ਪਵਨ ਖਿੱਚੀ, ਮਾਨਸਾ
ਮੋਬਾ. 9478160786

## ਜਜਬਾਤ ਏ ਦਿਲ

ਭਰ ਚੁੱਕਾ ਹਾਂ ਅੰਦਰੋਂ ਏਸੇ ਲਈ ਹੁਣ ਖਾਲੀ ਹੋਣਾ ਚਾਹੁੰਦਾ ਹਾਂ।
ਕੋਈ ਮੋਢਾ ਹੋਵੇ ਆਪਣਾ ਜਿਹਾ ਸਿਰ ਰੱਖ ਕੇ ਰੋਣਾ ਚਾਹੁੰਦਾ ਹਾਂ।
ਤਨ ਮਨ ਉੱਤੇ ਜਖਮ ਜੋ ਦਿਖਦੇ ਮਿਲੇ ਆਪਣਿਆਂ ਗੈਰਾਂ ਤੋਂ।
ਕੋਈ ਮਿਲ ਜਾਏ ਸੂਈ ਧਾਗਾ , ਬੈਠ ਕੇ ਸਿਉਣਾਂ ਚਾਹੁੰਦਾ ਹਾਂ।
ਰਿਸ਼ਤੇ ਨਾਤੇ ਪਰਖ ਲਏ ਮੈਂ ਸਭ ਮਤਲਬ ਦੇ ਬੇਲੀ ਨੇ।
ਇੱਕ ਦੋ ਛੱਡ ਕੇ ਬਾਕੀ ਸਭ ਨੂੰ ਅਲਵਿਦਾ ਕਹਿਣਾ ਚਾਹੁੰਦਾ ਹਾਂ
ਐਂਵੇ ਕਾਹਨੂੰ ਪੁੱਛੀ ਜਾਨੈ ਕੀ ਦੱਸਾਂ ਕਿਉਂ ਮੁਸਕਾਉਂਦਾ ਨਹੀ।
ਚਾਅ ਮਰਗੇ ਨੇ ਸੱਥਰ ਵਿਛਿਐ ਸੋਗ ਮਨਾਉਣਾ ਚਾਹੁੰਦਾ ਹਾਂ।
ਪਲਕਾਂ ਤੋ ਹੁਣ ਭਾਰ ਨਹੀਂ ਝੱਲਿਆ ਜਾਂਦਾ ਖਾਰੇ ਹੰਝੂਆ ਦਾ ।
ਇੱਕ ਤਮੰਨਾ ਕਿ ਮੈਂ ਵਰ੍ਹਦੇ ਮੀਂਹ ਵਿੱਚ 'ਨ੍ਹਾਹੁਣਾ ਚਾਹੁੰਦਾ ਹਾਂ ।
ਜਿਸ ਦਿਨ ਬੱਦਲ ਵਰਿਆ ਉਸ ਦਿਨ ਖਾਲੀ ਕਰਨਾ ਨੈਣਾਂ ਨੂੰ।
ਮੈ ਵੀ ਦੁਨੀਆਂ ਕੋਲੋਂ ਆਪਣਾ ਦਰਦ ਲੁਕਾਉਣਾ ਚਾਹੁੰਦਾ ਹਾਂ ।
ਕੱਢ ਵਹੀ ਤੇ ਮਾਰ ਦੇ ਕਾਟੇ ਸਾਰੇ ਲੈਣੈ ਦੇਣੇ ਤੇ ।
ਠੱਗ ਕੇ ਤੁਰ ਗਏ ਸੱਜਣਾਂ ਦਾ ਮੈਂ 'ਸਾਬ ਮੁਕਾਉਣਾ ਚਾਹੁੰਦਾ ਹਾਂ
ਬੜੇ ਜਰੇ ਨੇ ਘਾਟੇ ਹੁਣ ਤੱਕ ਬੱਸ ਹੁਣ ਹੋਰ ਨਹੀਂ ਸਹਿ ਹੁੰਦਾ।
ਏਸੇ ਲਈ ਤਾ ਕੌਰੇਆਣਾ ਹੁਣ ਕੱਲਾ ਰਹਿਣਾ ਚਾਹੁੰਦਾ ਹਾਂ।



ਗੁਰਦੀਪ ਕੌਰੇਆਣਾ
9915013953



# ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮ ਦਿਨ ਪਿੰਡ ਮਾਨਾ ਵਲੋਂ ਵੱਡੇ ਪੱਧਰ ਤੇ ਮਨਾਇਆ

## ਬਾਬਾ ਸਾਹਿਬ ਜੀ ਦੀ ਸੋਚ /ਵਿਚਾਰਧਾਰਾ ਘਰ ਘਰ ਪਹੁੰਚਾਵਾਂਗੇ – ਐਡਵੋਕੇਟ ਪਲਵਿੰਦਰ ਮਾਨਾ







**ਚੱਬੇਵਾਲ 4 ਮਈ( ਚਰਨਜੀਤ ਸੱਲ੍ਹਾ )** ਪਿੰਡ ਮਾਨਾ ਹਲਕਾ ਚੱਬੇਵਾਲ ਵਿਖੇ ਡਾ ਅੰਬੇਡਕਰ ਸਪੋਰਟਸ ਕਲੱਬ ਪਿੰਡ ਮਾਨਾ ਵਲੋਂ ਐਡਵੋਕੇਟ ਪਲਵਿੰਦਰ ਮਾਨਾ ਜੀ ਅਤੇ ਜਸਬੀਰ ਸਿੰਘ ਬੰਗੜ ਜੀ ਦੀ ਅਗਵਾਈ ਵਿੱਚ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 135ਵਾਂ ਜਨਮ ਦਿਨ ਮਨਾਇਆ ਗਿਆ ।ਬਾਬਾ ਸਾਹਿਬ ਜੀ ਦੇ ਜਨਮ ਦਿਨ ਤੇ ਬਚਿਆ ਦੀਆ ਖੇਡਾਂ ਕਰਵਾਈਆਂ ਗਈਆਂ ਅਤੇ ਖੇਡਾਂ ਦੀ ਸ਼ੁਰੂਆਤ ਲੰਬਰਦਾਰ ਬਲਵਿੰਦਰ ਸਿੰਘ ਹੀਰ ਕਿ ਰੀਵਣ ਕੱਟ ਕੇ ਕੀਤੀ । ਖੇਡਾਂ ਵਿਚ ਬੀਬੀਆਂ ਨੇ ਵੀ ਦੌੜਾ ਅਤੇ ਕੁਰਸੀ ਦੀ ਦੌੜ ਵਿੱਚ ਭਾਗ ਲਿਆ। ਇਸ ਮੌਕੇ ਮਿਸ਼ਨਰੀ ਗਾਇਕ ਵਿਕੀ ਬਹਾਦਰਕੇ ਨੇ ਬਾਬਾ ਸਾਹਿਬ ਜੀ ਦੇ ਜੀਵਨ ਸੰਘਰਸ਼ ਦੇ ਪ੍ਰਤੀ ਗੀਤਾ ਦੇ ਰਹੀ ਸੰਗਤ ਨੂੰ ਨਿਹਾਲ ਕੀਤਾ ਅਤੇ ਰਹਿਬਰਾਂ ਦੀ ਵਿਚਾਰ ਧਾਰਾ ਨਾਲ ਜੋੜਿਆ । ਇਸ ਉਪਰੰਤ ਅਜ਼ਾਦ ਰੰਗ ਮੰਚ ਕਲਾਂ ਫਗਵਾੜਾ ਦੀ ਟੀਮ ਵੱਲੋਂ ਆਪਣੀ ਕੋਰਿਓ ਗਰਾਫ਼ੀ ਦੇ ਜਰੀਏ ਬਾਬਾ ਸਾਹਿਬ ਜੀ ਦੇ ਕੀਤੇ ਸੰਘਰਸ਼ ਨੂੰ ਨਾਟਕ ਦੇ ਰਾਹੀ ਬਿਆਨ ਕੀਤਾ ਤੇ ਅੰਬੇਡਕਰੀ ਸੋਚ ਦੇ ਅਧਾਰਿਤ ਸੰਦੇਸ਼ ਦਿੱਤੇ। ਇਸ ਦੌਰਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਅਤੇ ਲੰਬਰਦਾਰ ਬਲਵਿੰਦਰ ਸਿੰਘ ਜੀ ਨੇ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਬਾਬਾ ਸਾਹਿਬ ਜੀ ਨੇ ਆਪਣਾ ਪੂਰਾ ਜੀਵਨ ਦਲਿਤਾਂ ਤੇ ਪਛੜਿਆ ਨੂੰ ਉਨ੍ਹਾਂ ਦੇ ਹੱਕ ਅਧਿਕਾਰ ਦੁਆਉਣ ਦੇ ਲਈ ਸੰਘਰਸ਼ ਕੀਤਾ ਅਤੇ ਬਾਬਾ ਸਾਹਿਬ ਜੀ ਨੇ ਭਾਰਤ ਦੀਆਂ ਔਰਤਾਂ ਨੂੰ ਵੀ ਪੜਨ ਦਾ, ਨੌਕਰੀਆਂ ਕਰਨ ਅਤੇ ਰਾਜਨੀਤੀ ਵਿੱਚ ਬਰਾਬਰਤਾ ਦਾ ਹੱਕ ਅਧਿਕਾਰ ਦੁਆਇਆ। ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਬਾਬਾ ਸਾਹਿਬ ਜੀ ਦੀ ਸੋਚ ਨੂੰ ਅਪਣਾ ਕੇ ਆਪਣੀ ਜਿੰਦਗੀ ਵਿੱਚ ਅੱਗੇ ਵਧਨ ਲਈ ਪ੍ਰੇਰਿਤ ਕੀਤਾ । ਇਸ ਪ੍ਰੋਗਰਾਮ ਵਿੱਚ ਡਾ ਅੰਬੇਡਕਰ ਮਹਿਲਾ ਵਿੰਗ ਪਿੰਡ ਮਾਨਾ ਦੀਆ ਬੀਬੀਆਂ ਨੇ ਸਾਰੀ ਸੰਗਤ ਲਈ ਲੰਗਰ ਦਾ ਖਾਸ ਪ੍ਰਬੰਧ ਕੀਤਾ। ਇਸ ਮੌਕੇ ਸੂਬੇਦਾਰ ਹਰਭਜਨ ਸਿੰਘ, ਬਾਬੂ ਰੌਸ਼ਨ ਲਾਲ ਅਤੇ ਡਾ ਸਰਵਣ ਸਿੰਘ ਜੀ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸੰਗਤਾ ਨੂੰ ਇਸ ਸ਼ੁਭ ਦਿਨ ਦੀਆ ਮੁਬਾਰਕਾ ਦਿੱਤੀਆਂ । ਇਸ ਮੌਕੇ ਹਾਜ਼ਰ ਮੋਹਤਵਾਰ ਵਿਅਕਤੀ ਅਤੇ ਕਲੱਬ ਮੈਂਬਰਾਂ ਵਿੱਚ ਠੇਕੇਦਾਰ ਬਲਬੀਰ ਸਿੰਘ ਸਾਬਕਾ ਸਰਪੰਚ, ਸਤੀਸ਼ ਕੁਮਾਰ ਸਾਬਕਾ ਸਰਪੰਚ, ਸ਼ਵਿੰਦਰ ਕੌਰ ਸਾਬਕਾ ਸਰਪੰਚ, ਸੁਰਿੰਦਰ ਕੌਰ ਸਾਬਕਾ ਸਮਿਤੀ ਮੈਂਬਰ ਬਸਪਾ, ਪ੍ਰਦੀਪ ਕੁਮਾਰ, ਹਰਮੇਸ਼ ਲਾਲ ਖਜਾਨਚੀ, ਰਾਜਵਿੰਦਰ ਕੌਰ ਪੰਚ, ਮਨਦੀਪ ਕੌਰ ਸਾਬਕਾ ਪੰਚ, ਲਖਵਿੰਦਰ ਕੌਰ, ਮਨਜੀਤ ਕੌਰ, ਸੁਖਵਿੰਦਰ ਕੌਰ ਸੁਖੀ, ਸੀਤਲ ਕੌਰ, ਹਰਪਾਲ ਕੌਰ, ਗੁਰਮੀਤ ਸਿੰਘ, ਹਰਜੀਤ ਸਿੰਘ, ਜਗਦੀਸ਼ ਪਾਲ, ਡਾ ਸਰਬਜੀਤ ਸੋਨੂੰ, ਸੰਜੀਵ ਕੁਮਾਰ, ਰਵੀ ਕੁਮਾਰ, ਦਲਜੀਤ ਸਿੰਘ ਲੱਡੂ, ਮਨੀ, ਜਗਦੀਪ ਕੁਮਾਰ, ਅਨਿਕੇਤ, ਤਰਸੇਮ ਲਾਲ, ਕਸਤੂਰੀ ਲਾਲ, ਸੌਰਵ, ਸਮੀਰ ਕੁਮਾਰ, ਸਾਗਰ, ਸਵਰਨ ਕੌਰ, ਕਿਰਨ, ਪ੍ਰੀਆ ਮੁਸਕਾਨ, ਨੇਹਾ ਕੁਮਾਰੀ, ਆਂਚਲ, ਰੇਖਾ, ਕ੍ਰਿਸ਼ਨਾ, ਸਿਮਰਨ, ਠੇਕੇਦਾਰ ਸੁਰਿੰਦਰ ਸਿੰਘ, ਸੰਤੋਖ ਸਿੰਘ, ਰਾਜ ਕੁਮਾਰ , ਗੁਰਮੀਤ ਸਿੰਘ ਰੋਕੀ, ਹਰਵਿੰਦਰ ਸਿੰਘ ਗਿਆਨੀ, ਸਤਨਾਮ ਸਿੰਘ ਅਤੇ ਹੋਰ ਵੀ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਦੇ ਵਫ਼ਦ ਨੇ ਹਨੇਰੀ ਨਾਲ ਖ਼ਰਾਬ ਹੋਈਆਂ ਫਸਲਾਂ ਦੀ ਗਿਰਦਾਵਰੀ ਦੀ ਮੰਗ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਕਿਰਤੀ ਕਿਸਾਨ ਯੂਨੀਅਨ ਦਾ ਵਫ਼ਦ ਫਸਲਾਂ ਦੇ ਹੋਏ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾਉਣ ਲਈ ਜਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬ੍ਰੈਸ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਨੂੰ ਮਿਲਿਆ। ਉਹਨਾਂ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ 30 ਅਪ੍ਰੈਲ ਨੂੰ ਸ਼ਾਮ ਵੇਲੇ ਮੀਂਹ, ਹਨੇਰੀ ਤੇ ਗੜਿਆ ਨੇ ਮੱਕੀ, ਪੱਠਿਆ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾ ਜੋ ਮੱਟਰ ਲਗਾਏ ਸੀ, ਉਹਨਾਂ ਦਾ ਭਾਅ ਵੀ ਪੂਰਾ ਨਹੀਂ ਮਿਲਿਆ। ਉਹੀ ਮਟਰ ਸਾਨੂੰ ਆਪਣੇ ਪਸ਼ੂਆ ਨੂੰ ਪਾਉਣੇ ਪਏ। ਉਸ ਤੋਂ ਬਾਅਦ ਜੋ ਮੱਕੀ ਲਗਾਈ ਗਈ, ਉਹ ਵੀ ਬਰਬਾਦ



ਹੋ ਗਈ, ਉਸ ਨਾਲ ਸਾਡਾ ਹੋਰ ਨੁਕਸਾਨ ਹੋ ਗਿਆ। ਅਸੀਂ ਡੀ ਸੀ ਸਾਹਿਬ ਰਾਹੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਮਜ਼ਾਰਾ ਕਲਾਂ, ਸਹਾਬ ਪੁਰ, ਉਸਮਾਨ ਪੁਰ, ਜਾਡਲੇ ਦਾ ਲਹਿੰਦਾ ਪਾਸਾ ਇਹਨਾਂ ਚੋਹਾਂ ਪਿੰਡਾਂ ਵਿਚ ਮੱਕੀ ਦੇ ਚਾਰੇ ਦਾ ਭਾਰੀ ਨੁਕਸਾਨ ਹੋਇਆ ਹੈ। ਇਹਨਾਂ ਪਿੰਡਾਂ ਵਿੱਚ ਆਪਣਾ ਫਰਜ਼ ਸਮਝ ਕੇ ਸਰਕਾਰ ਤੁਰੰਤ ਸਪੈਸ਼ਲ ਗੁਰਦਾਵਰੀ ਕਰਵਾ ਕੇ ਇਥੋਂ ਦੇ ਕਿਸਾਨਾ ਨੂੰ ਮੁਆਵਜ਼ਾ ਦੇਵੇ। ਅੱਜ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਸਮੇਂ ਵਫਦ ਵਿਚ ਭੁਪਿੰਦਰ ਸਿੰਘ ਵੜੈਚ, ਕਲਵੀਰ ਸਿੰਘ ਸਾਹਪੁਰ, ਬਿੱਕਰ ਸਿੰਘ ਸੇਖੂਪੁਰ, ਸੁਰਿੰਦਰ ਸਿੰਘ ਮਹਿਰਮ ਪੁਰ, ਮੇਜਰ ਸਿੰਘ ਉਸਮਾਨ ਪੁਰ, ਰਾਣਾ ਰਾਮਜੀ ਦਾਸ ਸਨਾਵਾ ਤੇ ਤਾਰਾ ਸਿੰਘ ਫੋਜੀ ਨੇ ਭਾਗ ਲਿਆ।

# ਸਰਕਾਰ ਬਣਨ 'ਤੇ ਹੁਸ਼ਿਆਰਪੁਰ ਦੇ ਭਗਵਾਨ ਵਾਲਮੀਕ ਆਸ਼ਰਮ ਨੂੰ ਅੰਮ੍ਰਿਤਸਰ ਦੀ ਤਰਜ਼ 'ਤੇ ਕਰਾਂਗੇ ਵਿਕਸਤ : ਤਲਵਾੜ

## ਭਗਵਾਨ ਵਾਲਮੀਕੀ ਤੀਰਥ ਸਥਾਨ ਪ੍ਰਕਾਸ਼ ਸਿੰਘ ਬਾਦਲ ਦੀ ਦ੍ਰਿੜ ਇੱਛਾ ਸ਼ਕਤੀ ਦਾ ਨਤੀਜਾ

**ਹੁਸ਼ਿਆਰਪੁਰ 4 ਮਈ ( ਤਰਸੇਮ ਦੀਵਾਨਾ )** – ਜੇਕਰ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਹੁਸ਼ਿਆਰਪੁਰ ਸਥਿਤ ਭਗਵਾਨ ਵਾਲਮੀਕ ਜੀ ਦੇ ਆਸ਼ਰਮ ਨੂੰ ਅੰਮ੍ਰਿਤਸਰ ਦੀ ਤਰਜ਼ 'ਤੇ ਵਿਕਸਿਤ ਕਰਕੇ ਦੁਆਬਾ ਖੇਤਰ ਦਾ ਇੱਕ ਪ੍ਰਮੁੱਖ ਧਾਰਮਿਕ ਕੇਂਦਰ ਬਣਾਇਆ ਜਾਵੇਗਾ। ਇਸ ਨਾਲ ਹੁਸ਼ਿਆਰਪੁਰ ਵਿੱਚ ਧਾਰਮਿਕ ਟੂਰਿਜ਼ਮ ਨੂੰ ਵੀ ਵੱਡਾ ਵਾਧਾ ਮਿਲੇਗਾ। ਇਹ ਗੱਲਾਂ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਵਾਰਡ ਨੰਬਰ 48 ਦੀ ਪ੍ਰਧਾਨ ਵੀਨਾ ਆਦੀਆ ਦੀ ਅਗਵਾਈ ਹੇਠ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਹੀਆਂ।



ਤਲਵਾੜ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਵਾਲਮੀਕੀ ਭਾਈਚਾਰੇ ਦਾ ਸਤਿਕਾਰ ਕੀਤਾ ਹੈ। ਉਨ੍ਹਾਂ ਨੇ ਯਾਦ ਕਰਵਾਇਆ ਕਿ ਹੁਸ਼ਿਆਰਪੁਰ ਦੇ ਅੰਤਰਰਾਜੀ ਬੱਸ ਅੱਡੇ ਦਾ ਨਾਮ 'ਮਹਾਰਿਸ਼ੀ ਭਗਵਾਨ ਵਾਲਮੀਕ ਜੀ ' ਦੇ ਨਾਮ 'ਤੇ ਰੱਖਣਾ ਇਸ ਦੀ ਵੱਡੀ ਮਿਸਾਲ ਹੈ।

ਉਨ੍ਹਾਂ ਅੱਗੇ ਕਿਹਾ ਕਿ ਅੰਮ੍ਰਿਤਸਰ ਵਿਖੇ ਸਥਿਤ ਭਗਵਾਨ ਵਾਲਮੀਕ ਤੀਰਥ ਸਥਾਨ ਦਾ ਨਿਰਮਾਣ ਵੀ ਪ੍ਰਕਾਸ਼ ਸਿੰਘ ਬਾਦਲ ਦੀ ਦ੍ਰਿੜ ਇੱਛਾ ਸ਼ਕਤੀ ਅਤੇ ਦੂਰਅੰਦੇਸ਼ੀ ਸੋਚ ਦਾ ਨਤੀਜਾ ਹੈ।

ਉਹਨਾਂ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਤਲਵਾੜ ਨੇ ਦੋਸ਼ ਲਗਾਇਆ ਕਿ ਬਾਦਲ ਸਰਕਾਰ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਪਰਿਵਾਰਾਂ ਲਈ ਸ਼ੁਰੂ ਕੀਤੀਆਂ ਲੋਕ-ਭਲਾਈ ਸਕੀਮਾਂ ਨੂੰ ਬੰਦ ਕਰਕੇ ਗਰੀਬ ਵਰਗ ਨਾਲ ਧੋਖਾ ਕੀਤਾ ਗਿਆ ਹੈ। ਇਸ ਮੌਕੇ ਅਨੁਸੂਚਿਤ ਜਾਤੀ ਮੋਰਚਾ ਦੇ ਸ਼ਹਿਰੀ ਪ੍ਰਧਾਨ ਸੰਜੀਵ ਥਾਪਰ, ਕੁਸ਼ ਕੁਮਾਰ, ਨਰਵੀਰ ਸਿੱਧੂ, ਵੇਦ ਰਾਜ ਆਦੀਆ, ਕੁਸਮ ਲਤਾ, ਪਰਵੀਨ ਕੁਮਾਰ ਅਤੇ ਹੇਮ ਲਤਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਹਿੱਸਾ ਲਿਆ ਅਤੇ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਕਰਨ ਦਾ ਸੰਕਲਪ ਵੀ ਲਿਆ।

**ਫੋਟੋ ਅਜਮੇਰ ਦੀਵਾਨਾ**

# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਸਬ ਡਿਵੀਜ਼ਨ ਬੰਗਾ ਦੀ ਸਰਬਸੰਮਤੀ ਨਾਲ ਹੋਈ ਚੋਣ

## ਮਨਜਿੰਦਰ ਸਿੰਘ ਕਾਰਜਕਾਰੀ ਪ੍ਰਧਾਨ, ਧਰਮਵੀਰ ਪਾਲ ਜਨਰਲ ਸਕੱਤਰ ਨਿਯੁਕਤ

**ਬੰਗਾ, 4 ਮਈ (ਚਰਨਜੀਤ ਸੱਲ੍ਹਾ )** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ, ਸਬ ਡਿਵੀਜ਼ਨ ਬੰਗਾ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਚੇਅਰਮੈਨ ਚੇਤ ਰਾਮ ਰਤਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਪਹਿਲਾਂ ਅੰਤਰਰਾਸ਼ਟਰੀ ਪ੍ਰੈਸ ਆਜ਼ਾਦੀ ਦਿਵਸ ਮਨਾਇਆ ਗਿਆ। ਇਸ ਮੌਕੇ ਜਸਬੀਰ ਸਿੰਘ ਨੂਰਪੁਰ, ਚੇਤ ਰਾਮ ਰਤਨ, ਨਵਕਾਂਤ ਭਰੋਮਜਾਰਾ ਜ਼ਿਲ੍ਹਾ ਜਨਰਲ ਸਕੱਤਰ ਸਮੇਤ ਹੋਰ ਬੁਲਾਰਿਆਂ ਨੇ ਪ੍ਰੈਸ ਦੀ ਆਜ਼ਾਦੀ ਦੀ ਮਹੱਤਤਾ ਤੇ ਚਰਚਾ ਕਰਦੇ ਹੋਏ ਮੌਜੂਦਾ ਪੱਤਰਕਾਰਤਾ ਦੇ ਚੁਣੌਤੀਆਂ ਭਰੇ ਮਾਹੌਲ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਤੋਂ ਬਾਅਦ ਸੰਗਠਨ ਦੀ ਮਜ਼ਬੂਤੀ ਲਈ ਸਬ ਡਿਵੀਜ਼ਨ ਬੰਗਾ ਅਤੇ ਵੱਖ-ਵੱਖ ਬਲਾਕਾਂ ਦੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਚੋਣ ਵਿਚ ਮਨਜਿੰਦਰ ਸਿੰਘ ਨੂੰ ਸਬ ਡਿਵੀਜ਼ਨ ਬੰਗਾ ਦਾ ਕਾਰਜਕਾਰੀ ਪ੍ਰਧਾਨ ਚੁਣਿਆ ਗਿਆ, ਜਦਕਿ ਰਾਕੇਸ਼ ਅਰੋੜਾ ਨੂੰ ਚੇਅਰਮੈਨ ਬਣਾਇਆ ਗਿਆ। ਇਸੇ ਤਰ੍ਹਾਂ ਸੁਰਿੰਦਰ ਸਿੰਘ ਕਰਮ ਨੂੰ ਸਰਪ੍ਰਸਤ, ਧਰਮਵੀਰ ਪਾਲ ਨੂੰ ਜਨਰਲ ਸਕੱਤਰ, ਮਨੀਸ਼ ਚੁੱਘ ਖਜਾਨਚੀ ਅਤੇ ਨਰਿੰਦਰ ਮਾਹੀ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਮਹਿਲਾ ਵਿੰਗ ਦੀ ਕਮਾਨ ਸ਼ਕੁੰਤਲਾ ਸਰੋਏ ਨੂੰ ਸੌਂਪੀ ਗਈ। ਬਲਾਕ ਪੱਧਰ 'ਤੇ ਚੋਣਾਂ ਅਨੁਸਾਰ ਸੁਖਜਿੰਦਰ ਸਿੰਘ ਨੂੰ ਮੁਕੰਦਪੁਰ ਬਲਾਕ ਦਾ ਪ੍ਰਧਾਨ, ਕੁਲਦੀਪ ਮੁਜਾਰੀ ਨੂੰ ਜਨਰਲ ਸਕੱਤਰ, ਪ੍ਰੇਮ ਜੰਡਿਆਲੀ ਨੂੰ ਬਹਿਰਾਮ ਤੋਂ ਕਾਰਜਕਾਰੀ ਪ੍ਰਧਾਨ ਅਤੇ ਅਵਤਾਰ ਕਲੇਰ ਨੂੰ ਜਨਰਲ ਸਕੱਤਰ ਚੁਣਿਆ ਗਿਆ। ਨਵੇਂ-ਚੁਣੇ ਕਾਰਜਕਾਰੀ ਪ੍ਰਧਾਨ ਮਨਜਿੰਦਰ ਸਿੰਘ, ਚੇਅਰਮੈਨ ਰਾਕੇਸ਼ ਅਰੋੜਾ ਅਤੇ ਜਨਰਲ ਸਕੱਤਰ ਧਰਮਵੀਰ ਪਾਲ ਸਮੇਤ ਹੋਰ ਅਹੁਦੇਦਾਰਾਂ ਨੇ ਜ਼ਿਲ੍ਹਾ ਹਾਈ ਕਮਾਂਡ ਅਤੇ ਸਾਰੇ ਪੱਤਰਕਾਰ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦਵਾਇਆ ਕਿ ਉਹ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ ਅਤੇ ਸੂਬਾ ਤੇ ਰਾਸ਼ਟਰੀ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਰਜ ਕਰਦੇ ਰਹਿਣਗੇ। ਇਸ ਮੌਕੇ ਤੇ ਹਾਜ਼ਰ ਜ਼ਿਲ੍ਹਾ ਅਹੁਦੇਦਾਰਾਂ ਅਤੇ ਪੱਤਰਕਾਰਾਂ ਨੇ ਨਵ-ਚੁਣੀ ਟੀਮ ਨੂੰ ਵਧਾਈ ਦਿੰਦਿਆਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਦਿਨੇਸ਼ ਸੂਰੀ, ਜਸਬੀਰ ਸਿੰਘ ਨੂਰਪੁਰ, ਨਵਕਾਂਤ ਭਰੋਮਜਾਰਾ, ਚੇਤ ਰਾਮ ਰਤਨ ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਸ ਮੌਕੇ ਤੇ ਅਮਰੀਕ ਕਟਾਰੀਆ, ਪ੍ਰੇਮ ਜੰਡਿਆਲੀ, ਲਛਮਣ ਦਾਸ ਪ੍ਰੇਮੀ, ਕੁਲਦੀਪ ਬੰਗਾ, ਮਨਜੀਤ ਜੱਬੋਵਾਲ, ਰਾਕੇਸ਼ ਆਨੰਦ, ਚਰਨਜੀਤ ਸੱਲਾਂ, ਬਿੱਟੂ ਭੱਟੀ, ਵਿਜੇ ਪਾਲ ਸਿੰਘ ਤੇਜੀ, ਸੋਹਨ ਸਿੰਘ ਸਰਹਾਲ ਮੁੰਡੀ, ਅਵਤਾਰ ਕਲੇਰ, ਅਮਿਤ ਹੰਸ ਆਦਿ ਪੱਤਰਕਾਰ ਹਾਜ਼ਰ ਸਨ।



ਨਵੇਂ ਚੁਣੇ ਅਹੁਦੇਦਾਰਾਂ ਦਾ ਸਨਮਾਨ ਕਰਦੇ ਹੋਏ ਜਸਵੀਰ ਸਿੰਘ ਨੂਰਪੁਰ, ਚੇਤ ਰਾਮ ਰਤਨ, ਦਿਨੇਸ਼ ਸੂਰੀ ਅਤੇ ਹੋਰ।

# ਪਿੰਡ ਗੋਸਲ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ 135 ਵਾਂ ਜਨਮ ਦਿਨ ਮਨਾਇਆ ਗਿਆ







**ਬੰਗਾ 3 ਮਈ (ਚਰਨਜੀਤ ਸੱਲ੍ਹਾ )** ਜਿਵੇਂ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਦੇਸ਼ ਵਿਦੇਸ਼ ਵਿੱਚ ਪੰਜਾਬ ਦੇ ਹਰੇਕ ਪਿੰਡ ਵਿਚ ਮਨਾਇਆ ਜਾ ਰਿਹਾ ਹੈ ਉਸ ਹੀ ਲੜੀ ਤਹਿਤ ਅੱਜ ਰਾਤ ਨੂੰ ਪਿੰਡ ਗੋਸਲ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ 135 ਵਾਂ ਜਨਮ ਦਿਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਡਾ ਕਸ਼ਮੀਰ ਚੰਦ ਅਤੇ ਡਾ ਹੀਰਾ ਜੀ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਦੀਆਂ ਨਗਰ ਨਿਵਾਸੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਲੋਕਾਂ ਨੂੰ ਬਾਬਾ ਸਾਹਿਬ ਦੇ ਕਿਹਾ ਹੈ ਕਿ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਇਓ ਆਪ ਇੱਕ ਰੋਟੀ ਘੱਟ ਖਾ ਲੈਣੀ, ਤੁਹਾਡੇ ਸਭ ਦੁੱਖਾਂ ਦਾ ਹੱਲ ਹੋ ਜਾਣਾ ਹੈ। ਉਨ੍ਹਾਂ ਪਿੰਡ ਦੇ ਸੋਢੀ ਰਾਮ ਦੀ ਉਦਾਹਰਨ ਦਿੱਤੀ ਜਿਵੇਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਖਾਤਰ ਬਹੁਤ ਮਿਹਨਤ ਕਰਦਾ ਹੈ ਇਸ ਤਰ੍ਹਾਂ ਤੁਸੀਂ ਸਾਰੇ ਆਪਣੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਅੱਗੇ ਆਵੋ। ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ ਅਤੇ ਕਰਮਕਾਂਡਾ ਤੋਂ ਦੂਰ ਰਹੋ ਅਤੇ ਬਾਬਾ ਸਾਹਿਬ ਵਾਂਗ ਤਰਕਵਾਦੀ ਬਣੋਂ। ਵਿੱਕੀ ਬਹਾਦਰ ਕੇ ਨੂੰ ਇਹ ਕਹਿਣ ਦੀ ਲੋੜ ਨਹੀਂ ਕਿ ਮਿਸ਼ਨਰੀ ਗਾਇਕ ਉਸ ਨੇ ਆਪਣੀ ਗਾਇਕੀ ਵਿੱਚ ਹੀ ਸਭ ਕੁਝ ਦੱਸ ਦਿੱਤਾ। ਬਹਾਦਰ ਕੇ ਜੀ ਨੇ ਆਪਣੇ ਪ੍ਰੋਗਰਾਮ ਵਿੱਚ ਤਥਾਗਤ ਬੁੱਧ ਤੋਂ ਲੈਕੇ ਬਾਬਾ ਸਾਹਿਬ, ਸਾਹਿਬ ਕਾਂਸ਼ੀ ਰਾਮ ਜੀ ਤੱਕ ਜੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਾਰੇ ਬਹੁਤ ਖੋਲ ਕੇ ਦੱਸ ਦਿੱਤਾ।ਨਗਰ ਵਾਲੀ ਟੀਮ ਨੇ ਵੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਆਪਣੀ ਕੋਰੀਓਗ੍ਰਾਫੀ ਵਿੱਚ ਬਹੁਤ ਕੁਝ ਵਿਆਨ ਕੀਤਾ।ਪੋਸੀ ਤੋਂ ਬੱਚਿਆਂ ਦੀ ਟੀਮ ਨੇ ਬਾਕਮਾਲ ਕੋਰੀਓਗ੍ਰਾਫੀ ਪੇਸ਼ ਕੀਤੀ। ਇਸ ਪ੍ਰੋਗਰਾਮ ਵਿੱਚ ਚਾਹੇ ਬਾਕੀ ਸਾਥੀਆਂ ਨੇ ਸਾਥ ਦਿੱਤਾ ਪਰ ਸੋਢੀ ਰਾਮ ਗੋਸਲ ਦਾ ਕੰਮ ਕਾਬਲੇ ਤਾਰੀਫ ਸੀ। ਇਸ ਮੌਕੇ ਤੇ ਡਾ ਕਸ਼ਮੀਰ ਚੰਦ,ਡਾ ਸੁਖਵਿੰਦਰ ਹੀਰਾ,ਡਾ ਅਮਰੀਕ ਸਿੰਘ,ਪ੍ਰਧਾਨ ਕਸ਼ਮੀਰ ਚੰਦ ਭੰਗੂ, ਸਤੀਸ਼ ਕੁਮਾਰ ਉਪ ਪ੍ਰਧਾਨ, ਸੋਢੀ ਰਾਮ ਕੈਸ਼ੀਅਰ, ਕਸ਼ਮੀਰ ਭੰਗੂ ਕੈਸ਼ੀਅਰ, ਪਰਮਿੰਦਰ ਗੋਸਲ,ਬਲਜੀਤ ਭੰਗੂ,ਸਤਪਾਲ ਭੰਗੂ ,ਮਨੀ ਭੰਗੂ ,ਸੰਤੋਸ਼ ਭੰਗੂ ,ਸੁਖਦੇਵ ਭੰਗੂ,ਹੰਸ ਰਾਜ ਭੰਗੂ , ਸੁਰਿੰਦਰ ਮੋਹਣ , ਪ੍ਰੋਫੈਸਰ ਕੁਲਵਿੰਦਰ ਬੰਗਾ , ਮਾਸਟਰ ਲਖਵਿੰਦਰ ਭੌਰਾ,ਮਾਸਟਰ ਬਲਿਰਾਮ, ਐਸ. ਡੀ. ਓ. ਗੁਰਮੇਲ ਮੋਰਾਂਵਲੀ, ਸੁਖਜੀਵਨ ਭੰਗੂ, ਸਰਪੰਚ ਕੁਲਵੰਤ, ਅਵਤਾਰ ਸਿੰਘ ਲੰਬੜਦਾਰ, ਚਰਨਜੀਤ ਸਿੰਘ ਸਾਬਕਾ ਸਰਪੰਚ,ਡਾ ਬੀ ਆਰ ਅੰਬੇਡਕਰ ਕਲੱਬ ਗੋਸਲ ਦੇ ਮੈਂਬਰ ਅਤੇ ਬੀਬੀਆਂ ਭੈਣਾਂ ਤੇ ਬੱਚਿਆਂ ਦੀ ਹਾਜ਼ਰੀ ਬਹੁਤ ਵੱਡੀ ਸੰਖਿਆ ਵਿੱਚ ਦੇਖਣ ਨੂੰ ਮਿਲੀ । ਸਟੇਜ ਸੈਕਟਰੀ ਦੀ ਮੁੱਖ ਭੂਮਿਕਾ ਮਾਸਟਰ ਲਖਵਿੰਦਰ ਭੌਰਾ ਨੇ ਬਾਖੂਬੀ ਨਿਭਾਈ ਅਤੇ ਬਹੁਤ ਜਾਣਕਾਰੀ ਮਿਸ਼ਨ ਵਾਰੇ ਰੱਖਦੇ ਸਨ।

# ਤੇਜ਼ ਹਨੇਰੀ ਤੇ ਮੀਂਹ ਨਾਲ ਬਿਜਲੀ ਗੁੱਲ, ਕੰਢੀ ਇਲਾਕੇ ਦੇ ਖੇਤਾਂ 'ਚ ਲਗਾਏ ਪਾਪੂਲਰ ਦੇ ਦਰੱਖਤ ਡਿੱਗੇ

## ਬੇਮੌਸਮੀ ਮੀਂਹ ਨਾਲ ਕਿਸਾਨਾਂ ਦਾ ਹੋਇਆ ਭਾਰੀ ਨੁਕਸਾਨ -ਜਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ /ਕਾਠਗੜ੍ਹ 4 ਮਈ (ਜਤਿੰਦਰ ਪਾਲ ਸਿੰਘ ਕਲੇਰ )**- ਪਿਛਲੇ ਦੋ ਦਿਨਾਂ ਤੋਂ ਹੋ ਰਹੀ ਬੇਮੌਸਮੀ ਬਰਸਾਤ ਤੇ ਹਨੇਰੀ ਨਾਲ ਜਿੱਥੇ ਜਨ ਜੀਵਨ ਪ੍ਰਭਾਵਿਤ ਹੋਇਆ ਹੈ । ਉਥੇ ਹੀ ਬਿਜਲੀ ਗੁੱਲ ਹੋਣ ਕਾਰਨ ਲੋਕਾਂ ਨੂੰ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਕੀਤਾ । ਉਨ੍ਹਾਂ ਨੇ ਕਿਹਾ ਕਿ ਬੇਮੌਸਮੀ ਬਰਸਾਤ ਨਾਲ ਕੰਢੀ ਅਤੇ ਮੰਡ ਖੇਤਰ ਦੇ ਇਲਾਕੇ ਵਿੱਚ ਭਾਰੀ ਸੰਖਿਆਵਾਂ ਵਿੱਚ ਲੱਗੇ ਪਾਪੂਲਰ ਦੇ ਦਰੱਖਤ ਡਿੱਗ ਗਏ । ਕਈਆਂ ਥਾਵਾਂ ਤੇ ਤਾਂ ਇਹ ਦਰੱਖਤ ਬਿਜਲੀ ਦੀਆ ਤਾਰਾਂ ਜੇ ਜਾ ਡਿੱਗੇ ਹਨ । ਜਿਸ ਨਾਲ ਨਾਲ ਕਿਸੇ ਸਮੇਂ ਵੀ ਕੋਈ ਅਣਹੋਣੀ ਘਟਨਾ ਦਾ ਡਰ ਬਣਿਆ ਹੋਇਆ ਹੈ । ਬੇਮੌਸਮੀ ਮੀਂਹ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋਣ ਦਾ ਨਾਮ ਨਹੀ ਲੈ ਰਹੀਆਂ । ਖੇਤਾਂ ਵਿੱਚ ਅਜੇ ਤੁੜੀ ਬਣਾਈ ਜਾਣੀ ਹੈ ਜੋ ਕਿ ਮੀਂਹ ਦੇ ਚੱਲਦੇ ਨਾੜ ਗਿੱਲਾ ਹੋ ਜਾਣ ਕਾਰਨ ਮਸ਼ੀਨਾ ਬੰਦ ਪਈਆਂ ਹਨ । ਕਿਸਾਨਾਂ ਨੂੰ ਦੂਹਰੀ ਮਾਰ ਝੱਲਣੀ ਪੈ ਰਹੀ ਹੈ ।ਇਸ ਕਰਕੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਬਿਜਲੀ ਦੀਆਂ ਟੁੱਟੀਆਂ ਤਾਰਾਂ ਨੂੰ ਸਹੀ ਕਰਵਾਇਆ ਜਾਵੇ ਅਤੇ ਬਿਜਲੀ ਦੀ ਸਪਲਾਈ ਨੂੰ ਚਾਲੂ ਕਰਵਾਇਆ ਜਾਵੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ ।





# ਫਾਇਰ ਸੇਫਟੀ ਵੀਕ ਦੌਰਾਨ ਵਿਆਪਕ ਜਾਗਰੂਕਤਾ ਅਤੇ ਤਿਆਰੀ ਮੁਹਿੰਮ ਸ਼ੁਰੂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ)** ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਨਿਰਦੇਸ਼ਾਂ ਹੇਠ 4 ਮਈ ਤੋਂ 10 ਮਈ 2026 ਤੱਕ "ਫਾਇਰ ਸੇਫਟੀ ਵੀਕ" ਮਨਾਇਆ ਜਾ ਰਿਹਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਸਿਹਤ ਸੰਸਥਾਵਾਂ ਅਤੇ ਆਮ ਜਨਤਾ ਵਿੱਚ ਅੱਗ ਤੋਂ ਬਚਾਅ, ਐਮਰਜੈਂਸੀ ਤਿਆਰੀ ਅਤੇ ਸੁਰੱਖਿਆ ਉਪਾਵਾਂ ਬਾਰੇ ਵਿਆਪਕ ਜਾਗਰੂਕਤਾ ਪੈਦਾ ਕਰਨਾ ਹੈ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਨੇ ਦੱਸਿਆ ਕਿ ਇਸ ਹਫ਼ਤੇ ਦੀ ਸ਼ੁਰੂਆਤ ਅੱਜ ਤੋਂ ਹੋ ਰਹੀ ਹੈ। ਇਸ ਮੌਕੇ ਸਾਰੇ ਸਰਕਾਰੀ ਅਤੇ ਨਿੱਜੀ ਸਿਹਤ ਕੇਂਦਰਾਂ ਵਿੱਚ ਫਾਇਰ ਸੇਫਟੀ ਪ੍ਰੋਟੋਕੋਲ ਦੀ ਪਾਲਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਗਈਆਂ ਹੈ। ਉਨ੍ਹਾਂ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਹਫ਼ਤੇ ਦੌਰਾਨ ਹਸਪਤਾਲਾਂ, ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਹੋਰ ਸਿਹਤ ਸੰਸਥਾਵਾਂ ਵਿੱਚ ਫਾਇਰ ਡ੍ਰਿਲਜ਼, ਐਮਰਜੈਂਸੀ ਇਵੈਕੂਏਸ਼ਨ ਅਭਿਆਸ, ਅਤੇ ਸੁਰੱਖਿਆ ਉਪਕਰਣਾਂ ਦੀ ਜਾਂਚ



ਕਰਵਾਈ ਜਾਵੇਗੀ। ਅੱਗ ਲੱਗਣ ਦੀ ਸਥਿਤੀ ਵਿੱਚ ਤੁਰੰਤ ਕਾਰਵਾਈ ਕਰਨ ਲਈ ਸਟਾਫ਼ ਨੂੰ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਸਕੂਲਾਂ, ਆਂਗਣਵਾੜੀ ਕੇਂਦਰਾਂ ਅਤੇ ਭੀੜ ਵਾਲੇ ਸਥਾਨਾਂ 'ਤੇ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਅੱਗ ਦੇ ਖਤਰੇ, ਗੈਸ ਲੀਕ, ਸ਼ਾਰਟ ਸਰਕਿਟ ਅਤੇ ਹੋਰ ਸੰਭਾਵਿਤ ਕਾਰਣਾਂ ਬਾਰੇ ਜਾਣੂ ਕਰਵਾਇਆ ਜਾਵੇਗਾ। ਪੰਫਲੈਟ, ਪੋਸਟਰ ਅਤੇ ਆਡੀਓ-ਵੀਡੀਓ ਮਾਧਿਅਮਾਂ ਰਾਹੀਂ ਵੀ ਸੁਨੇਹਾ ਪਹੁੰਚਾਇਆ ਜਾਵੇਗਾ। ਡਾ. ਮਨਦੀਪ ਕਮਲ ਨੇ ਦੱਸਿਆ ਕਿ 5, 6 ਅਤੇ 7 ਮਈ 2026 ਨੂੰ ਦੁਪਹਿਰ 3:00 ਵਜੇ ਤੋਂ 4:00 ਵਜੇ ਤੱਕ ਤਕਨੀਕੀ ਵੈਬਿਨਾਰ ਕਰਵਾਏ ਜਾਣਗੇ। ਇਨ੍ਹਾਂ ਵਿੱਚ ਮਾਹਿਰ ਵਿਅਕਤੀ ਫਾਇਰ ਸੇਫਟੀ ਮੈਨੇਜਮੈਂਟ, ਰਿਸਕ ਅਸੈਸਮੈਂਟ, ਐਮਰਜੈਂਸੀ ਰਿਸਪਾਂਸ ਅਤੇ ਸੁਰੱਖਿਆ ਉਪਕਰਣਾਂ ਦੀ ਸਹੀ ਵਰਤੋਂ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣਗੇ। ਭਾਗ ਲੈਣ ਲਈ ਜਾਰੀ ਕੀਤੇ ਗਏ ਥ੍ਰ ਕੋਡ ਰਾਹੀਂ ਰਜਿਸਟ੍ਰੇਸ਼ਨ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਾਰੇ ਸਿਹਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਸੰਸਥਾਨਾਂ ਵਿੱਚ ਫਾਇਰ ਸੇਫਟੀ ਉਪਕਰਣ ਜਿਵੇਂ ਕਿ ਫਾਇਰ ਐਕਸਟਿੰਗਵਿਸ਼ਰ, ਅਲਾਰਮ ਸਿਸਟਮ ਅਤੇ ਐਮਰਜੈਂਸੀ ਏਗਜ਼ਿਟਸ ਦੀ ਕਾਰਗੁਜ਼ਾਰੀ ਦੀ ਪੂਰੀ ਜਾਂਚ ਕਰਨ। ਨਾਲ ਹੀ ਬਿਜਲੀ ਦੇ ਉਪਕਰਣਾਂ ਦੀ ਸਮੇਂ-ਸਮੇਂ ਤੇ ਮੁਰੰਮਤ ਅਤੇ ਸੁਰੱਖਿਅਤ ਵਰਤੋਂ ਯਕੀਨੀ ਬਣਾਈ ਜਾਵੇ। ਆਮ ਜਨਤਾ ਨੂੰ ਸੰਬੋਧਨ ਕਰਦਿਆਂ ਡਾ. ਮਨਦੀਪ ਕਮਲ ਨੇ ਅਪੀਲ ਕੀਤੀ ਕਿ ਘਰਾਂ ਅਤੇ ਕੰਮਕਾਜ ਵਾਲੀਆਂ ਥਾਵਾਂ 'ਤੇ ਅੱਗ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ, ਗੈਸ ਸਿਲਿੰਡਰ ਅਤੇ ਬਿਜਲੀ ਉਪਕਰਣਾਂ ਦੀ ਸੁਰੱਖਿਅਤ ਵਰਤੋਂ ਕਰਨ ਅਤੇ ਐਮਰਜੈਂਸੀ ਨੰਬਰਾਂ ਬਾਰੇ ਜਾਣਕਾਰੀ ਰੱਖਣ। ਉਨ੍ਹਾਂ ਨੇ ਕਿਹਾ ਕਿ "ਫਾਇਰ ਸੇਫਟੀ ਵੀਕ" ਸਿਰਫ ਇੱਕ ਮੁਹਿੰਮ ਨਹੀਂ, ਸਗੋਂ ਜਾਨਾਂ ਬਚਾਉਣ ਲਈ ਇੱਕ ਜ਼ਰੂਰੀ ਕਦਮ ਹੈ, ਜਿਸ ਵਿੱਚ ਹਰ ਨਾਗਰਿਕ ਦੀ ਭਾਗੀਦਾਰੀ ਬਹੁਤ ਮਹੱਤਵਪੂਰਨ ਹੈ।

# 5 ਸਾਲ ਦੇ ਬੱਚੇ ਦੀ ਲਾਸ਼ ਦਾ ਕਰਵਾਇਆ ਸਸਕਾਰ

**ਨਵਾਂਸ਼ਹਿਰ /ਕਾਠਗੜ੍ਹ, 4 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲ ਮਾਜਰਾ ਦੀ ਟੀਮ ਵਲੋਂ ਅੱਜ ਇੱਕ ਪੰਜ ਸਾਲਾ ਲਵਾਰਿਸ ਮ੍ਰਿਤਕ ਬੱਚੇ ਦੀ ਲਾਸ਼ ਦਾ ਅੰਤਿਮ ਸੰਸਕਾਰ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਰਿੰਦਰ ਸ਼ਿੰਦਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪੁਲਿਸ ਨੂੰ ਇੱਕ ਪੰਜ ਸਾਲਾਂ ਦੇ ਲਵਾਰਿਸ ਬੱਚੇ ਦੀ ਲਾਸ਼ ਮਿਲੀ ਸੀ ਜਿਸ ਨੂੰ ਪਹਿਚਾਣ ਵਾਸਤੇ ਬਲਾਚੌਰ ਸਰਕਾਰੀ ਹਸਪਤਾਲ ਵਿੱਚ ਰੱਖਿਆ ਹੋਇਆ ਸੀ



ਪਰ ਉਸਦਾ ਦਾ ਕੋਈ ਵੀ ਬਾਲੀ ਵਾਰਸ ਨਹੀਂ ਆਇਆ। ਇਸ ਕਰਕੇ ਅੱਜ ਆਸਰੋਂ ਚੌਂਕੀ ਇੰਚਾਰਜ ਸੰਦੀਪ ਸ਼ਰਮਾ ਦੇ ਸਹਿਯੋਗ ਨਾਲ ਬੱਚੇ ਦੀ ਲਾਸ਼ ਦਾ ਅੰਤਿਮ ਸੰਸਕਾਰ ਪੂਰੇ ਵਿਧੀ ਵਿਧਾਨ ਨਾਲ ਕਰ ਦਿੱਤਾ ਗਿਆ। ਉਹਨਾਂ ਦੱਸਿਆ ਕਿ ਇਹ ਉਨਾਂ ਵੱਲੋਂ ਹੁਣ ਤੱਕ ਦੀ ਬਾਰਵੀਂ ਲਵਾਰਿਸ ਲਾਸ਼ ਦਾ ਸੰਸਕਾਰ ਸੀ।

ਇਸ ਮੌਕੇ ਚੋਧਰੀ ਬਲਦੇਵ ਰਾਜ, ਦਿਲਬਾਗ ਸਿੰਘ, ਰਿੰਕੂ, ਰਕੇਸ਼ ਖ਼ਾਨ, ਕੁਲਦੀਪ ਸਿੰਘ, ਐਂਬੂਲੈਂਸ ਸੇਵਾਦਾਰ ਮਨੀਸ਼, ਬਲਾਚੌਰ ਤੋਂ ਏਐਸਆਈ ਰਾਮ ਸਾਹ, ਸੰਜੀਵ ਸੋਨੂੰ, ਮੱਖਣ ਪੰਚ ਆਦਿ ਸਹਿਯੋਗੀ ਹਾਜ਼ਰ ਸਨ।

# ਦੁੱਧ ਵਿੱਚ ਮਿਲਾਵਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ - ਸਹਾਇਕ ਕਮਿਸ਼ਨਰ (ਫੂਡ) ਹਰਪ੍ਰੀਤ ਕੌਰ

## ਫੂਡ ਸੇਫਟੀ ਵਿਭਾਗ ਵੱਲੋਂ ਬਲਾਚੌਰ ਦੇ ਪਿੰਡਾਂ ਦੀਆਂ ਦੁੱਧ ਦੀਆਂ ਡੇਅਰੀਆਂ/ਕੁਲੈਕਸ਼ਨ ਸੈਂਟਰਾਂ ਦੀ ਚੈਕਿੰਗ

**ਨਵਾਂਸ਼ਹਿਰ, 4 ਮਈ (ਮਨੋਰੰਜਨ ਕਾਲੀਆ )** ਮਾਣਯੋਗ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਫੂਡ ਸੇਫਟੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਦੁੱਧ ਵਿੱਚ ਮਿਲਾਵਟ ਖ਼ਿਲਾਫ਼ ਜ਼ੀਰੋ ਟੌਲਰੈਂਸ ਨੀਤੀ ਅਪਣਾਉਂਦੇ ਹੋਏ ਬਲਾਚੌਰ ਖੇਤਰ ਵਿੱਚ ਚੈਕਿੰਗ ਮੁਹਿੰਮ ਚਲਾਈ ਗਈ। ਇਸ ਮੌਕੇ ਸਹਾਇਕ ਕਮਿਸ਼ਨਰ (ਫੂਡ) ਸ੍ਰੀਮਤੀ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ, ਜਿਸ ਵਿੱਚ ਫੂਡ ਸੇਫਟੀ ਅਫ਼ਸਰ ਸੰਗੀਤਾ ਸਹਿਦੇਵ ਵੀ ਸ਼ਾਮਲ ਸਨ, ਵੱਲੋਂ ਸਵੇਰੇ 6 ਵਜੇ ਤੋਂ ਹੀ ਦੁੱਧ ਕੁਲੈਕਸ਼ਨ ਸੈਂਟਰਾਂ ਅਤੇ ਡੇਅਰੀਆਂ ਦੀ ਅਚਾਨਕ ਜਾਂਚ ਕੀਤੀ ਗਈ।

ਫੂਡ ਸੇਫਟੀ ਟੀਮ ਨੇ ਪਿੰਡ ਬਾਲੇਵਾਲ, ਰੱਤੇਵਾਲ, ਜੱਟਮਾਜਰਾ ਸਮੇਤ ਕਈ ਇਲਾਕਿਆਂ ਵਿੱਚੋਂ ਦੁੱਧ ਦੇ ਸੈਂਪਲ ਭਰ ਕੇ ਲੈਬ ਟੈਸਟਿੰਗ ਲਈ ਭੇਜੇ, ਤਾਂ ਜੋ ਮਿਲਾਵਟ ਕਰਨ ਵਾਲਿਆਂ ਨੂੰ ਬੇਨਕਾਬ ਕੀਤਾ ਜਾ ਸਕੇ। ਇਸ ਮੌਕੇ ਸਹਾਇਕ ਕਮਿਸ਼ਨਰ (ਫੂਡ) ਹਰਪ੍ਰੀਤ ਕੌਰ ਨੇ ਕੜੇ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਦੁੱਧ ਵਿੱਚ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਬਿਲਕੁੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਦੋ-ਟੁੱਕ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਕੋਈ ਵੀ ਡੇਅਰੀ ਜਾਂ ਵਿਅਕਤੀ ਇਸ ਗੰਭੀਰ ਅਪਰਾਧ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫੂਡ ਸੇਫਟੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਜਾਗਰੂਕ





ਨਾਗਰਿਕ ਹੋਣ ਦਾ ਫ਼ਰਜ਼ ਨਿਭਾਉਂਦੇ ਹੋਏ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ (ਪਨੀਰ, ਘਿਓ ਆਦਿ) ਵਿੱਚ ਮਿਲਾਵਟ ਸਬੰਧੀ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ ਦਫ਼ਤਰ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਵਿਖੇ ਫੂਡ ਸੇਫਟੀ ਵਿਭਾਗ ਨੂੰ ਦੇਣ। ਇਸ ਤੋਂ ਇਲਾਵਾ ਫੂਡ ਸੇਫਟੀ ਵਿਭਾਗ ਨੇ ਡੇਅਰੀਆਂ ਅਤੇ ਕੁਲੈਕਸ਼ਨ ਸੈਂਟਰਾਂ ਦੇ ਮਾਲਕਾਂ ਨੂੰ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਦੁੱਧ ਦੀ ਖਰੀਦ, ਸਪਲਾਈ ਅਤੇ ਸਟੋਰੇਜ ਨਾਲ ਸੰਬੰਧਿਤ ਪੂਰਾ ਰਿਕਾਰਡ ਸੁਚੱਜੇ ਢੰਗ ਨਾਲ ਮੇਨਟੇਨ ਕਰਨ, ਨਹੀਂ ਤਾਂ ਉਨ੍ਹਾਂ ਨੂੰ ਵੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਫੂਡ ਸੇਫਟੀ ਵਿਭਾਗ ਨੇ ਸਾਫ਼ ਕੀਤਾ ਕਿ ਲੋਕਾਂ ਦੀ ਸਿਹਤ ਨਾਲ ਖੇਡਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

# ਮਲੇਰੀਆ ਦੇ ਮੁਕੰਮਲ ਖਾਤਮੇ ਲਈ ਬਲੱਡ ਸਲਾਈਡਾਂ ਦੇ ਨਿਰਧਾਰਿਤ ਟੀਚਿਆਂ ਨੂੰ ਪੂਰਾ ਕੀਤਾ ਜਾਵੇ : ਡਾ. ਰਾਕੇਸ਼ ਪਾਲ

## ਨੈਸ਼ਨਲ ਵੈਕਟਰ ਬੌਰਨ ਡਿਜੀਜ ਕੰਟਰੋਲ ਪ੍ਰੋਗਰਾਮ ਅਧੀਨ ਮਹੀਨਾਵਾਰ ਮੀਟਿੰਗ ਆਯੋਜਿਤ

**ਨਵਾਂਸ਼ਹਿਰ, 4 ਮਈ (ਮਨੋਰੰਜਨ ਕਾਲੀਆ ) :** ਮਾਣਯੋਗ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਜੀ ਦੀ ਯੋਗ ਰਹਿਨੁਮਾਈ ਹੇਠ ਸਿਵਲ ਸਰਜਨ ਦਫਤਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਸੋਮਵਾਰ ਨੂੰ ਨੈਸ਼ਨਲ ਵੈਕਟਰ ਬੌਰਨ ਡਿਜੀਜ ਕੰਟਰੋਲ ਪ੍ਰੋਗਰਾਮ ਅਧੀਨ ਮਲੇਰੀਆ, ਡੇਂਗੂ ਅਤੇ ਹੋਰ ਵੈਕਟਰ-ਬੌਰਨ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਮਹੀਨਾਵਾਰ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਤੋਂ ਮਲਟੀ ਪਰਪਜ਼ ਹੈਲਥ ਸੁਪਰਵਾਈਜਰ (ਮੇਲ) ਨੇ ਭਾਗ ਲਿਆ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਨੇ ਮੀਟਿੰਗ ਵਿੱਚ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਮਲੇਰੀਆ ਦੇ ਮੁਕੰਮਲ ਖਾਤਮੇ ਲਈ ਬੁਖਾਰ ਦੇ ਮਰੀਜ਼ਾਂ ਦੀਆਂ ਨਿਰਧਾਰਿਤ ਟੀਚਿਆਂ ਮੁਤਾਬਕ ਬਲੱਡ ਸਲਾਈਡਾਂ ਬਣਾਈਆਂ ਜਾਣ। ਉਨ੍ਹਾਂ ਮੀਟਿੰਗ ਵਿੱਚ ਹਦਾਇਤ ਕਰਦਿਆਂ ਕਿਹਾ ਕਿ ਡੇਂਗੂ, ਮਲੇਰੀਆ ਨੂੰ ਰੋਕਿਆ ਜਾ ਸਕਦਾ ਹੈ। ਇਸ ਲਈ ਸਿਹਤ ਕਰਮੀ ਆਮ ਲੋਕਾਂ ਦੇ ਸਹਿਯੋਗ ਨਾਲ਼ ਕੰਮ ਕਰਨ ਅਤੇ ਮੱਛਰ ਨੂੰ ਪੈਦਾ ਹੋਣ ਲਈ ਕਿਸੇ ਵੀ ਤਰ੍ਹਾਂ ਦਾ ਸੁਖਾਵਾ ਵਾਤਾਵਰਨ ਨਾ ਬਣਨ ਦਿੱਤਾ ਜਾਵੇ। ਉਨ੍ਹਾਂ ਨੇ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਮਲੇਰੀਆ ਬੁਖਾਰ ਦੇ ਲੱਛਣ ਹਨ ਤਾਂ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਖੇ ਜਾਂਚ ਕਰਵਾਉਣੀ ਯਕੀਨੀ ਬਣਾਈ ਜਾਵੇ। ਮਲੇਰੀਆ ਦਾ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਡਾ. ਰਾਕੇਸ਼ ਪਾਲ ਨੇ ਦੱਸਿਆ ਕਿ ਮਲੇਰੀਆ ਇੱਕ ਜਾਨਲੇਵਾ



ਬਿਮਾਰੀ ਹੈ ਜੋ ਸੰਕਰਮਿਤ ਮਾਦਾ ਐਨੋਫਿਲਿਸ ਮੱਛਰ ਦੇ ਕੱਟਣ ਨਾਲ ਮਨੁੱਖਾਂ ਵਿੱਚ ਫੈਲਦੀ ਹੈ। ਇਹ ਮੱਛਰ ਜ਼ਿਆਦਾਤਰ ਰਾਤ ਵੇਲੇ ਕੱਟਦਾ ਹੈ ਅਤੇ ਤਾਜ਼ੇ ਪਾਣੀ ਵਿੱਚ ਪੈਦਾ ਹੁੰਦਾ ਹੈ। ਲਾਰਵਾ ਖਤਮ ਕਰਨ ਲਈ ਘਰ-ਘਰ ਸਰਵੇਖਣ, ਸਾਵਧਾਨੀਆਂ ਦੀ ਸੁਹਿਰਦਤਾ ਨਾਲ ਪਾਲਣਾ, ਛੱਪੜਾਂ ਆਦਿ ਵਿੱਚ ਕਾਲੇ ਤੇਲ ਦਾ ਛਿੜਕਾਅ ਕਰਕੇ ਮੱਛਰ ਦੇ ਲਾਰਵੇ ਨੂੰ ਖਾਣ ਵਾਲੀ ਗੈਂਬੂਸੀਆ ਮੱਛੀ ਨੂੰ ਛੱਡ ਕੇ ਵੀ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕਦਾ ਹੈ। ਮਲੇਰੀਆ ਨੂੰ ਮੱਛਰ ਦੇ ਕੱਟਣ ਤੋਂ ਬਚਾਅ ਕਰਕੇ ਰੋਕਿਆ ਜਾ ਸਕਦਾ ਹੈ। ਪਹਿਲੇ ਲੱਛਣ ਹਲਕੇ ਜਿਹੇ ਹੋ ਸਕਦੇ ਹਨ ਜੋ ਕਿ ਬੁਖ਼ਾਰ ਵਾਲੀਆਂ ਬਿਮਾਰੀਆਂ ਨਾਲ ਮਿਲਦੇ-ਜੁਲਦੇ ਹੁੰਦੇ ਹਨ, ਅਤੇ ਮਲੇਰੀਆ ਵਜੋਂ ਪਛਾਣਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ । ਇਲਾਜ ਨਾ ਕੀਤੇ ਜਾਣ 'ਤੇ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਮਲੇਰੀਆ ਦੇ ਹਲਕੇ ਲੱਛਣਾਂ ਵਿੱਚ ਬੁਖਾਰ, ਠੰਢ ਅਤੇ ਸਿਰ ਦਰਦ ਆਦਿ ਸ਼ਾਮਿਲ ਹੈ ਅਤੇ ਗੰਭੀਰ ਲੱਛਣਾਂ ਵਿੱਚ ਥਕਾਵਟ, ਦੌਰੇ ਪੈਣਾ ਅਤੇ ਸਾਹ ਲੈਣ ਵਿੱਚ ਮੁਸ਼ਕਲ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਗਰਮੀਆਂ ਅਤੇ ਬਰਸਾਤਾਂ ਦੇ ਮੌਸਮ ਵਿੱਚ ਮਲੇਰੀਆ, ਡੇਂਗੂ, ਚਿਕਨਗੁਨੀਆ ਅਤੇ ਹੋਰ ਵੈਕਟਰ-ਬੌਰਨ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਇਸ ਲਈ ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ। ਉਨਾਂ ਕਿਹਾ ਕਿ ਡੇਂਗੂ ਮਾਦਾ ਏਡੀਜ਼ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ। ਡਾ. ਰਾਕੇਸ਼ ਪਾਲ ਨੇ ਕਿਹਾ ਕਿ ਹਰ ਸ਼ੁੱਕਰਵਾਰ ਡ੍ਰਾਈ ਡੇ ਵਾਲੇ ਦਿਨ ਫਰਿਜਾਂ ਦੀਆਂ ਟਰ੍ਹੇਆਂ ਨੂੰ ਸੁਕਾਇਆ ਜਾਵੇ। ਗਰਮੀਆਂ ਵਿੱਚ ਕੂਲਰਾਂ ਦਾ ਪਾਣੀ ਬਦਲ ਦੇਣਾ ਚਾਹੀਦਾ ਹੈ, ਕਿਉਂਕਿ ਇਹ ਮੱਛਰ ਹਫਤੇ ਵਿੱਚ ਹੀ ਅੰਡੇ ਤੋਂ ਅੱਡਲਟ ਮੱਛਰ ਬਣ ਜਾਂਦਾ ਹੈ। ਘਰਾਂ ਦੀਆਂ ਛੱਤਾਂ ਦੇ ਟੁੱਟੇ ਬਰਤਨ, ਖਾਲੀ ਡੱਬੇ, ਪੁਰਾਣੇ ਟਾਇਰ, ਟੁੱਟੇ ਗਮਲੇ ਆਦਿ ਨਾ ਰੱਖੋ, ਕਿਉਂਕਿ ਬਰਸਾਤਾਂ ਦੇ ਮੌਸਮ ਵਿੱਚ ਇਨਾਂ ’ਚ ਮੀਂਹ ਦਾ ਪਾਣੀ ਇੱਕਠਾ ਹੋਣ ਕਾਰਨ ਇਨਾਂ ’ਚ ਮੱਛਰ ਪੈਦਾ ਹੋ ਜਾਂਦੇ ਹਨ ਜੋ ਕਿ ਮਲੇਰੀਆ-ਡੇਂਗੂ ਬੁਖਾਰ ਦਾ ਕਾਰਨ ਬਣ ਸਕਦੇ ਹਨ। ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਾਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਦੀ ਸਫਾਈ ਰੱਖਣੀ ਚਾਹੀਦੀ ਹੈ ਅਤੇ ਟੋਏ-ਟਿੱਭੇ ਆਦਿ ਨੂੰ ਮਿੱਟੀ ਨਾਲ ਭਰ ਦੇਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲ-ਾਵਾ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਦਲਜੀਤ ਸਿੰਘ ਅਤੇ ਹੈਲਥ ਇੰਸਪੈਕਟਰ ਰਾਜੀਵ ਕੁਮਾਰ ਸਮੇਤ ਹੋਰ ਸਟਾਫ ਮੈਂਬਰ ਮੌਜੂਦ ਸਨ।

# ਸਿਹਤ ਦੇ ਖੇਤਰ ਵਿੱਚ ਉੱਤਮ ਯੋਗਦਾਨ ਪਾਉਣ ਲਈ ਡਾਕਟਰ ਅਸ਼ੋਕ ਕੁਮਾਰ (ਫਜਿਓਥਰੇਪਿਸਟ) ਫ਼ਿਲੌਰ ਸਮੇਤ ਦੋ ਦਰਜ਼ਨ ਡਾਕਟਰ ਬੈਸਟ ਹੈਲਥ ਕੇਅਰ ਐਵਾਰਡ 2026 ਨਾਲ ਸਨਮਾਨਿਤ

**ਫਿਲੌਰ/ਅੱਪਰਾ,4 ਮਈ ਦੀਪਾ)-** ਅਲਿਟ ਅਲਟਰਨੇਟਿਵ ਮੈਡੀਸਿਨ ਐਸੋਸੀਏਸ਼ਨ ਵਲੋਂ ਡਾਇਰੈਕਟਰ ਡਾਕਟਰ ਮਨਜਿੰਦਰ ਸਿੰਘ ਦੀ ਅਗਵਾਈ ਵਿੱਚ ਬੀਤੇ ਦਿਨੀਂ ਪਟਿਆਲਾ ਵਿਖੇ ਸਾਲਾਨਾ ਸਮਾਗਮ ਕੀਤਾ ਗਿਆ ਜਿਸ ਵਿੱਚ ਸਿਹਤ ਦੇ ਖੇਤਰ ਵਿੱਚ ਉੱਤਮ ਯੋਗਦਾਨ ਪਾਉਣ ਤੇ ਡਾਕਟਰ ਅਸ਼ੋਕ ਕੁਮਾਰ ਫਿਲੌਰ ( ਫ਼ਿਜਿਓਥਰੇਪਿਸਟ) ਸਮੇਤ ਦੋ ਦਰਜ਼ਨ ਡਾਕਟਰਾਂ ਨੂੰ ਬੈਸਟ ਹੈਲਥ ਕੇਅਰ ਐਵਾਰਡ 2026 ਨਾਲ਼







ਸਨਮਾਨਿਤ ਕੀਤਾ ਗਿਆ। ਇਸ ਸਮੇਂ ਹੋਏ ਸਮਾਗ਼ਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਮੋਹਿਤ ਮਹਿੰਦਰਾ ਨੇ ਸ਼ਮੂਲੀਅਤ ਕੀਤੀ ਅਤੇ ਸਮਾਗ਼ਮ ਦੀ ਸ਼ੁਰੂਆਤ ਐਡਵੋਕੇਟ ਬਲਜਿੰਦਰ ਸਿੰਘ ਪੰਜੋਲਾ ਵਲੋਂ ਯੋਤੀ ਜ਼ਲਾ ਕੇ ਕੀਤੀ ਗਈ। ਇਸ ਸਮੇਂ ਸਮਾਗ਼ਮ ਵਿੱਚ ਸ਼ਾਮਿਲ ਮਾਹਰ ਡਾਕਟਰਾਂ ਵਲੋਂ ਆਪਣੇ ਖ਼ਾਸ ਤਜ਼ਰਬੇ ਸਾਂਝੇ ਕੀਤੇ ਗਏ। ਇਸ ਸਮੇਂ ਬੈਸਟ ਹੈਲਥ ਕੇਅਰ ਐਵਾਰਡ ਨਾਲ ਸਨਮਾਨਿਤ ਡਾਕਟਰ ਅਸ਼ੋਕ ਕੁਮਾਰ ਵਲੋਂ ਵਲੋਂ ਅਲਿਟ ਅਲਟਰਨੇਟਿਵ ਮੈਡੀਸਿਨ ਐਸੋਸੀਏਸ਼ਨ ਦਾ ਖ਼ਾਸ ਤੌਰ ਤੇ ਧੰਨਵਾਦ ਕੀਤਾ ਗਿਆ। ਓਹਨਾਂ ਕਿਹਾ ਕਿ ਉਹ ਇਮਾਨਦਾਰੀ ਨਾਲ ਆਪਣੇ ਫਰਜ਼ ਨੂੰ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀ ਛੱਡਣਗੇ। ਇਸ ਸਮੇਂ ਐਵਾਰਡ ਹਾਸਿਲ ਕਰਨ ਤੇ ਫਿਲੌਰ ਇਲਾਕੇ ਦੀਆਂ ਵੱਖ ਵੱਖ ਸੰਸਥਾਂ ਤੇ ਸ਼ਖਸ਼ੀਅਤਾਂ ਵਲੋਂ ਡਾਕਟਰ ਅਸ਼ੋਕ ਕੁਮਾਰ ਫਿਲੌਰ ਨੂੰ ਵਧਾਈ ਦਿੱਤੀ।

# ਚੈਨਲ ਪਾਰ ਕਰਦਿਆਂ ਦੋ ਨੌਜਵਾਨ ਮਹਿਲਾਵਾਂ ਦੀ ਮੌਤ, ਕਈ ਜ਼ਖਮੀ

**ਲੈਸਟਰ (ਇੰਗਲੈਂਡ), 4 ਮਈ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਚੈਨਲ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਇਕ ਵੱਡੀ ਦੁੱਖਦਾਈ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ ਛੋਟੀ ਕਿਸ਼ਤੀ ਰਾਹੀਂ ਯਾਤਰਾ ਕਰ ਰਹੀਆਂ ਦੋ ਨੌਜਵਾਨ ਮਹਿਲਾਵਾਂ ਦੀ ਮੌਤ ਹੋ ਗਈ। ਇਹ ਘਟਨਾ ਫਰਾਂਸ ਦੇ ਉੱਤਰੀ ਤਟ ਨੇੜੇ ਵਾਪਰੀ, ਜਿੱਥੇ 82 ਲੋਕਾਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਐਤਵਾਰ ਸਵੇਰੇ ਰੇਤ ਵਿੱਚ ਫਸ ਗਈ। ਫਰਾਂਸੀਸੀ ਅਧਿਕਾਰੀਆਂ ਮੁਤਾਬਕ ਮਰਨ ਵਾਲੀਆਂ ਦੋਵੇਂ ਮਹਿਲਾਵਾਂ ਦੀ ਉਮਰ ਲਗਭਗ 20 ਸਾਲ ਸੀ ਅਤੇ ਉਹ ਸੰਭਵ ਤੌਰ ’ਤੇ ਸੁਡਾਨੀ ਮੂਲ ਦੀਆਂ ਸਨ। ਉਨ੍ਹਾਂ ਦੀਆਂ ਲਾਸ਼ਾਂ ਕਿਸ਼ਤੀ ਦੇ ਅੰਦਰੋਂ ਮਿਲੀਆਂ। ਇਸ ਤੋਂ ਇਲਾਵਾ ਘਟਨਾ ਵਿੱਚ ਤਿੰਨ ਹੋਰ ਵਿਅਕਤੀ ਗੰਭੀਰ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜਿਆ ਗਿਆ, ਜਦਕਿ 14 ਹੋਰ ਲੋਕਾਂ ਨੂੰ ਦਰਮਿਆਨੀ ਚੋਟਾਂ ਆਈਆਂ ਹਨ।ਇਸ ਮਾਮਲੇ ਦੀ ਜਾਂਚ ਫਰਾਂਸ ਦੇ ਬੋਲੋਨ-ਸੁਰ-ਮੇਰ ਪ੍ਰੋਸਿਕਿਊਟਰ ਦਫ਼ਤਰ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਵੱਲੋਂ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਕਿਸ਼ਤੀ ਕਿਵੇਂ ਅਤੇ ਕਿਉਂ ਤਟ ’ਤੇ ਫਸੀ ਅਤੇ ਕੀ ਇਸ ਦੇ ਪਿੱਛੇ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਦੀ ਕੋਈ ਭੂਮਿਕਾ ਸੀ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਇਸ ਘਟਨਾ ’ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਚੈਨਲ ਵਿੱਚ ਹੋਣ ਵਾਲੀ ਹਰ ਮੌਤ ਇਕ ਵੱਡੀ ਤਰਾਸਦੀ ਹੈ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਤਸਕਰ ਨਾਜ਼ੁਕ ਹਾਲਾਤਾਂ ਵਿੱਚ ਫਸੇ ਲੋਕਾਂ ਦਾ ਫਾਇਦਾ ਚੁੱਕਦੇ ਹੋਏ ਉਨ੍ਹਾਂ ਨੂੰ ਖਤਰਨਾਕ ਯਾਤਰਾਂ ਲਈ ਮਜਬੂਰ ਕਰਦੇ ਹਨ, ਜਿਸ ਕਾਰਨ ਅਕਸਰ ਜਾਨੀ ਨੁਕਸਾਨ ਹੁੰਦਾ ਹੈ।ਇਸੇ ਦੌਰਾਨ ਬ੍ਰਿਟੇਨ ਪਹੁੰਚਣ ਵਾਲੇ ਪਰਵਾਸੀਆਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ ਸੱਤ ਦਿਨਾਂ ਵਿੱਚ 597 ਪਰਵਾਸੀ ਛੇ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲੈਂਡ ਪਹੁੰਚੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਹ ਰੁਝਾਨ ਤੇਜ਼ੀ ਨਾਲ ਵਧਿਆ ਹੈ ਅਤੇ 2025 ਦੌਰਾਨ 41 ਹਜ਼ਾਰ ਤੋਂ ਵੱਧ ਲੋਕ ਇਸ ਤਰ੍ਹਾਂ ਦੀਆਂ ਕਿਸ਼ਤੀਆਂ ਰਾਹੀਂ ਬ੍ਰਿਟੇਨ ਵਿੱਚ ਦਾਖਲ ਹੋਏ।ਇਸ ਸਮੱਸਿਆ ਨੂੰ ਰੋਕਣ ਲਈ ਬ੍ਰਿਟੇਨ ਅਤੇ ਫਰਾਂਸ ਵਿਚਕਾਰ ਹਾਲ ਹੀ ਵਿੱਚ ਇਕ ਨਵਾਂ ਸਮਝੌਤਾ ਵੀ ਕੀਤਾ ਗਿਆ ਹੈ, ਜਿਸ ਦੇ ਤਹਿਤ ਫਰਾਂਸ ਦੇ ਤਟਾਂ ’ਤੇ ਵਧੀਕ ਪੁਲਿਸ ਤਾਇਨਾਤ ਕੀਤੀ ਜਾਵੇਗੀ। ਇਸ ਦੇ ਨਾਲ ਹੀ ਡਰੋਨ, ਹੈਲੀਕਾਪਟਰ ਅਤੇ ਕੈਮਰਾ ਪ੍ਰਣਾਲੀ ਦੀ ਮਦਦ ਨਾਲ ਮਨੁੱਖੀ ਤਸਕਰੀ ਦੇ ਜਾਲ ਨੂੰ ਤੋੜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਜਦ ਤੱਕ ਯੂਰਪ ਵਿੱਚ ਸ਼ਰਨ ਲੈਣ ਦੀ ਪ੍ਰਕਿਰਿਆ ਅਤੇ ਸੁਰੱਖਿਅਤ ਮਾਰਗ ਨਹੀਂ ਬਣਾਏ ਜਾਂਦੇ, ਤਦ ਤੱਕ ਲੋਕ ਆਪਣੀ ਜਾਨ ਖਤਰੇ ਵਿੱਚ ਪਾ ਕੇ ਇਸ ਤਰ੍ਹਾਂ ਦੀਆਂ ਖਤਰਨਾਕ ਯਾਤਰਾਂ ਕਰਨ ਲਈ ਮਜਬੂਰ ਰਹਿਣਗੇ।

# ਵਡੇਰੀ ਉਮਰ ਵਿੱਚ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦੇ ਕਾਰਨ ਅਤੇ ਇਲਾਜ ਬਾਰੇ ਸੈਮੀਨਾਰ ਕਰਵਾਇਆ

**ਸੰਗਰੂਰ**

ਬੀਐਸਐਨਐਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਸੰਗਰੂਰ ਵੱਲੋਂ ਮਾਤਾ ਨੈਣਾ ਦੇਵੀ ਮੰਦਰ ਧਰਮਸ਼ਾਲਾ ਸੰਗਰੂਰ ਵਿਖੇ 'ਵਡੇਰੀ ਉਮਰ ਦੀ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦੇ ਕਾਰਨ ਤੇ ਹਲ ' ਵਿਸ਼ੇ ਤੇ ਇੱਕ ਦਿਨਾਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਤਰਕਸ਼ੀਲ ਸੁਸਿਟੀ ਪੰਜਾਬ ਦੇ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਮੁੱਖ ਬੁਲਾਰੇ ਦੇ ਤੌਰ ਤੇ ਸ਼ਿਰਕਤ ਕੀਤੀ।ਸੈਮੀਨਾਰ ਵਿੱਚ ਸਭ ਤੋਂ ਪਹਿਲਾਂ ਪਿਛਲੇ ਮਹੀਨੇ ਵਿਛੜੇ ਸਾਥੀਆਂ ਨੂੰ ਯਾਦ ਕੀਤਾ ਗਿਆ ।ਉਸ ਤੋਂ ਬਾਅਦ ਮੁੱਖ ਬੁਲਾਰੇ ਮਾਸਟਰ ਰਾਜਿੰਦਰ ਭਦੌੜ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਵਡੇਰੀ ਉਮਰ ਵਿੱਚ ਦਰਪੇਸ਼ ਆਉਂਦੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਦੇ ਕਾਰਨ ,ਉਨ੍ਹਾਂ ਦਾ ਵਿਸ਼ਲੇਸ਼ਣ ਅਤੇ ਉਨ੍ਹਾਂ ਤੋਂ ਬਚਣ ਲਈ ਉਪਾਵਾਂ ਦਾ ਬਹੁਤ ਹੀ ਰੌਚਿਕ ਅੰਦਾਜ਼ ਵਿੱਚ ਵਰਨਣ ਕੀਤਾ । ਉਨ੍ਹਾਂ ਨੇ ਆਪਣੀ ਟੀਮ ਵੱਲੋਂ ਸਮੇਂ ਸਮੇਂ ਤੇ ਹੱਲ ਕੀਤੇ ਕੁੱਝ ਅਤਿ ਗੁੰਝਲਦਾਰ ਕੇਸਾਂ ਬਾਰੇ ਵੀ ਜਾਣਕਾਰੀ ਦਿੱਤੀ ਜੋ ਕਿਸੇ ਗੈਬੀ ਸ਼ਕਤੀ ਕਰਕੇ ਨਹੀਂ ਬਲਕਿ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਵਿਅਕਤੀਆਂ ਵੱਲੋਂ ਜਾਂ ਢੋਂਗੀ ਬਾਬਿਆਂ ਦੇ ਦਿਮਾਗ ਦੀ ਉਪਜ ਸਨ। ਲੱਗਭਗ ਇੱਕ ਘੰਟੇ ਦੇ ਭਾਸ਼ਨ ਨੂੰ ਹਾਜ਼ਰ ਪੈਨਸ਼ਨਰਜ਼ ਵੱਲੋਂ ਪੂਰੀ ਇਕਾ-ਗਰਤਾ ਨਾਲ਼ ਸਾਹ ਰੋਕ ਕੇ ਸੁਣਿਆ। ਉਨ੍ਹਾਂ ਨੇ ਪੈਨਸ਼ਨਰਜ਼





ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਬਹੁਤ ਵਿਸਥਾਰ ਨਾਲ਼ ਦਿੱਤੇ ਅਤੇ ਮਹੀਨਾਵਾਰ ਮੀਟਿੰਗ ਨੂੰ 3-4 ਘੰਟੇ ਦੀ ਬਜਾਏ ਪੂਰੇ ਇੱਕ ਦਿਨ ਲਈ ਕਰਨ ਦਾ ਸੁਝਾਅ ਦਿੱਤਾ।

ਸ਼੍ਰੀ ਕੇਵਲ ਸਿੰਘ ਮਾਲੇਰਕੋਟਲਾ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੇ ਗੀਤ ਸੁਣਾ ਕੇ ਖੂਬ ਰੰਗ ਬੰਨਿਆਂ। ਅਸ਼ਵਨੀ ਕੁਮਾਰ, ਸੁਰਿੰਦਰ ਪਾਲ,ਸਾਧਾ ਸਿੰਘ ਵਿਰਕ,ਸ਼ਾਮ ਲਾਲ ,ਪੀ ਕੇ ਗਰਗ,ਮੋਹਨ ਸਿੰਘ,ਸ਼ਿਵ ਨਾਰਾਇਣ, ਸ਼ਾਮ ਸੁੰਦਰ,ਵੀ ਕੇ ਮਿੱਤਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰਬੰਧਕ ਕਮੇਟੀ ਵੱਲੋਂ ਮਾਸਟਰ ਰਜਿੰਦਰ ਭਦੌੜ, ਮਾਸਟਰ ਪਰਮ ਵੇਦ, ਸੀ ਸੀਤਾ ਰਾਮ ਬਾਲਦ ਕਲਾਂ, ਸ਼੍ਰੀ ਗੁਰਦੀਪ ਸਿੰਘ ਲਹਿਰਾ, ਮਾਸਟਰ ਗੁਰਜੰਟ ਸਿੰਘ ,ਸ਼੍ਰੀ ਨਛੱਤਰ ਸਿੰਘ ਛਾਜਲਾ, ਕੈਨੇਡਾ ਨਿਵਾਸੀ ਸ਼੍ਰੀ ਸੋਹਣ ਸਿੰਘ ਢੀਂਡਸਾ ਅਤੇ ਸ਼੍ਰੀ ਪਰਮਿੰਦਰ ਸਿੰਘ ਸਿੰਘ ਮਹਿਲਾਂ ਦਾ ਮੁਮੈਂਟੋ ਦੇ ਕੇ ਸਨਮਾਨ ਕੀਤਾ ਗਿਆ

ਸ਼੍ਰੀ ਮਹਿੰਦਰ ਸਿੰਘ ਚੌਧਰੀ ਨੇ ਮੁੱਖ ਬੁਲਾਰੇ ਸ਼੍ਰੀ ਰਾਜਿੰਦਰ ਭਦੌੜ, ਤਰਕਸ਼ੀਲਾਂ ਦੀ ਸਮੁਚੀ ਟੀਮ ਅਤੇ ਇੰਨੀ ਗਰਮੀ ਦੇ ਬਾਵਜੂਦ ਦੂਰ ਦੁਰ-ਾਡੇ ਤੋਂ ਵੱਡੀ ਗਿਣਤੀ ਵਿੱਚ ਆਏ ਹੋਏ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਣ ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ ਕੀਤਾ ਗਿਆ। ਤਰਕਸ਼ੀਲ ਆਗੂਆਂ ਦੀ ਰਹਿਨੁਮਾਈ ਹੇਠ ਹੋਇਆ ਇਹ ਸੈਮੀਨਾਰ ਯਾਦਗਾਰੀ ਹੋ ਨਿਬੜਿਆ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਜੀਤ ਰਾਮ ਦੀ ਅੰਤਿਮ ਅਰਦਾਸ ਮੌਕੇ ਬਿਗ੍ਰੇਡੀਅਰ ਰਾਜ ਕੁਮਾਰ ਨੇ ਭੇਂਟ ਕੀਤੇ ਸ਼ਰਧਾ ਦੇ ਫੁੱਲ

## ਕਿਹਾ- ਪਾਰਟੀ ਤੇ ਪਰਿਵਾਰ ਨੂੰ ਪੂਰਾ ਹੋਣ ਵਾਲਾ ਘਾਟਾ ਪਿਆ

**ਨਵਾਂਸ਼ਹਿਰ /ਕਾਠਗੜ੍ਹ 4 ਮਈ (ਜਤਿੰਦਰ ਪਾਲ ਸਿੰਘ ਕਲੇਰ )-** ਪਿਛਲੇਂ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਪਿੰਡ ਬੱਛੂਆਂ ਵਿਖੇ ਜੀਤ ਰਾਮ ਦੇ ਪਰਿਵਾਰਕ ਵਲੋਂ ਅੰਤਿਮ ਅਰਦਾਸ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਿਗ੍ਰੇਡੀਅਰ ਰਾਜ ਕੁਮਾਰ ਸੀਨੀਅਰ ਆਗੂ ਆਮ ਆਦਮੀ ਪਾਰਟੀ ਅਤੇ ਚੇਅਰਮੈਨ ਗੁੱਜਰ ਵੈਲਫੇਅਰ ਬੋਰਡ ਪੰਜਾਬ ਅਤੇ ਪਾਰਟੀ ਦੇ ਬਲਾਕ ਕੋਆਰਡੀਨੇਟਰ ਜਸਵਿੰਦਰ ਸਿੰਘ, ਨੇ ਪਹੁੰਚ



ਕੇ ਜੀਤ ਰਾਮ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ । ਉਨ੍ਹਾਂ ਕਿਹਾ ਕਿ ਜੀਤ ਰਾਮ ਦੇ ਚਲੇ ਜਾਣ ਨਾਲ ਪਰਿਵਾਰ ਦੇ ਨਾਲ ਨਾਲ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ । ਉਨ੍ਹਾਂ ਕਿਹਾ ਕਿ ਪ੍ਰਮਾਤਮਾ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਸ਼ਸ਼ਿਸ ਕਰੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਇਸ ਮੌਕੇ ਤੇ ਕੈਪਟਨ ਤਰਸੇਮ ਸਿੰਘ, ਜਸਵੀਰ ਸਿੰਘ, ਬਲਬੀਰ ਸਿੰਘ, ਰਵੀ ਕੁਮਾਰ, ਸੁਰਜੀਤ ਰਾਮ ਅਤੇ ਜੁਗਿੰਦਰ ਪਾਲ ਨੇ ਜੀਤ ਰਾਮ ਸੱਜਣਮਿੱਤਰ ਰਿਸ਼ਤੇਦਾਰ ਤੇ ਸਕੇ ਸਬੰਧੀ ਮੌਜੂਦ ਰਹੇ ।

# ਵਿਧਾਨ ਸਭਾ ਚੋਣਾਂ ਨੂੰ ਲੈ ਕੇ ਬਿਗ੍ਰੇਡੀਅਰ ਰਾਜ ਕੁਮਾਰ ਵਲੋਂ ਨੁਕੜ ਬੈਠਕਾ ਦਾ ਦੌਰ ਲਗਾਤਾਰ ਜਾਰੀ

## ●ਪਾਰਟੀ ਦੀਆਂ ਨੀਤੀਆਂ ਬਾਰੇ ਜਨ ਜਨ ਨੂੰ ਕੀਤਾ ਜਾ ਰਿਹਾ ਜਾਗਰੂਕ

## ●ਆਉਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਜਿੱਤ ਹਾਸਿਲ ਕਰੇਗੀ ਪਾਰਟੀ: ਬਿਗ੍ਰੇਡੀਅਰ ਰਾਜ ਕੁਮਾਰ

**ਨਵਾਂਸ਼ਹਿਰ /ਕਾਠਗੜ੍ਹ 4 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿਧਾਨ ਸਭਾ ਹਲਕਾ ਬਲਾਚੌਰ ਤੋਂ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਅਤੇ ਆਪ ਦੇ ਸੀਨੀਅਰ ਆਗੂ ਬਿਗ੍ਰੇਡੀਅਰ ਰਾਜ ਕੁਮਾਰ ਵਲੋਂ 2027 ਦੇ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼ ਕੀਤੀਆ ਜਾ ਚੁੱਕੀਆ ਹਨ । ਉਨ੍ਹਾਂ ਵਲੋਂ ਪਿੰਡ ਪਿੰਡ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾਹੈ । ਜਿਸ ਦੇ ਚੱਲਦੇ ਉਨ੍ਹਾਂ ਨੇ ਕੱਲ ਹਲਕਾ ਬਲਾਚੌਰ ਦੇ ਵੱਡੇ ਪਿੰਡ ਰੈਲ ਮਾਜਰਾ ਵਿਖੇ ਕਰਨੈਲ ਸਿੰਘ ਦੇ ਘਰ ਰੱਖੀ ਮੀਟਿੰਗ ਵਿੱਚ ਪਿੰਡ ਦੀਆਂ ਮੋਹਤਵਾਰ ਸ਼ਖਸੀਅਤਾਂ ਨੂੰ ਉੱਚੇਚੇ ਤੌਰ ਤੇ ਬੁਲਾ ਕੇ ਰਾਬਤਾ ਕਾਇਮ ਕੀਤਾ । ਜਿਸ ਵਿੱਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਸਿਹਤ, ਸਿੱਖਿਆ, ਜ਼ਿਮੀਦਾਰਾਂ ਦੇ ਬੰਜਰ ਖੇਤਾਂ ਵਿਚ ਲਿਫਟ ਇਰੀਗੇਸ਼ਨ ਅਤੇ ਕੰਢੀ ਨਹਿਰ ਦਾ ਪਾਣੀ ਪਹੁੰਚਾਉਣਾ, ਸਿਹਤ ਬੀਮਾ,ਮੈਰਿਟ ਤੇ



ਨੌਕਰੀਆਂ, ਫਰੀ ਬਿਜਲੀ,ਬੀਬੀਆਂ ਨੂੰ ਮਾਣ ਭੱਤਾ ਵਗੈਰਾ ਅਤੇ ਹੋਰ ਸਰਕਾਰ ਵਲੋਂ ਉਪਲਬੱਧ ਕੀਤੀਆ ਸੁਵਿਧਾਵਾਂ ਬਾਰੇ ਜਾਣੂ ਕਰਵਾਇਆ । ਕਰਨੈਲ ਸਿੰਘ ਰੈਲਮਾਜਰਾ ਨੇ ਬਿਗ੍ਰੇਡੀਅਰ ਰਾਜ ਕੁਮਾਰ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੂਰਣ ਸਹਿਯੋਗ ਦੇਣ ਦਾ ਵਾਅਦਾ ਕੀਤਾ । ਇਸ ਮੌਕੇ ਕਸ਼ਮੀਰ ਸਿੰਘ ਬਾਜਵਾ ਪ੍ਰਧਾਨ ਗੁਰਦੁਆਰਾ ਕਮੇਟੀ ਰੈਲਮਾਜਰਾ , ਸੰਤੋਖ ਸਿੰਘ ਜਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ ਰਾਜੇਵਾਲ, ਸੇਠੀ ਸਾਬਕਾ ਸਰਪੰਚ ਰੈਲਮਾਜਰਾ , ਹਰਦੀਪ ਸਿੰਘ ਬਾਜਵਾ, ਸੁਭਾਸ਼ ਭਾਟੀਆ, ਸੁੱਚਾ ਸਿੰਘ, ਔਲਖ ਸਿੰਘ, ਤਰਸੇਮ ਫੌਜੀ, ਕਾਲੂ, ਬਾਵਾ, ਪ੍ਰੀਤਮ ਸਿੰਘ, ਚੌਧਰੀ ਪ੍ਰੇਮ ਚੰਦ, ਦਵਿੰਦਰ, ਵੀਰ ਸਿੰਘ ਭੂੰਬਾ, ਲਾਲ ਚੰਦ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿੱਚ ਮੌਜੂਦ ਰਹੇ ।

# ਅੰਤਰਰਾਸ਼ਟਰੀ ਮਜਦੂਰ ਦਿਵਸ ਨੂੰ ਸਮਰਪਿਤ ਪੰਜਾਬੀ ਸਾਹਿਤ ਸਭਾ ਗੁਰਾਇਆ ਵਲੋਂ ਕਰਵਾਇਆ ਗਿਆ ਕਵੀ ਦਰਬਾਰ



**ਫਿਲੌਰ/ਅੱਪਰਾ, 4 ਮਈ, (ਦੀਪਾ)**-ਪੰਜਾਬੀ ਸਾਹਿਤ ਸਭਾ ਗੁਰਾਇਆ ਰਜਿ ਅਤੇ ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਵਲੋ ਜੋਗਿੰਦਰ ਸਿੰਘ ਕਲਸੀ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਜਦੂਰ ਦਿਵਸ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਬਾਬਾ ਸੰਗ ਪਬਲਿਕ ਲਾਇਬਰੇਰੀ ਪਿੰਡ ਸੰਗ ਢੇਸੀਆ ਵਿਖੇ ਕਰਵਾਇਆ ਗਿਆ। ਕਵੀ ਦਰਬਾਰ ਦੀ ਪ੍ਰਧਾਨਗੀ, ਬਲਜੀਤ ਸਿੰਘ ਰਿਟਾਇਰ ਤਹਿਸੀਲਦਾਰ, ਸੁਖਦੇਵ ਸਿੰਘ ਨਿਰਮੋਹੀ, ਅਮਰੀਕ ਸਿੰਘ ਮਦਹੋਸ, ਭਿੰਡਰ ਪਟਵਾਰੀ , ਕੁਲਵੰਤ ਸਿੰਘ ਸੱਗੂ ਵਲੋਂ ਕੀਤੀ ਗਈ। ਜਿਸ ਵਿੱਚ ਪੰਜਾਬ ਭਰ ਦੇ ਨਾਮਵਾਰ ਕਵੀ ਰਿਖੀ ਰੰਧਾਵਾ, ਗੁਰਦਿਆਲ ਮੁਠੱਡਾ, ਦਕਸ਼ ਬੰਧਨ, ਲਸ਼ਕਰ ਸਰਗੁੰਦੀ, ਡਾ ਕਿਸ਼ੋਰ ਕੁਮਾਰ ਲਾਹੜ, ਸੁਖਦੇਵ ਗੰਢਵਾ, ਸੋਡੀ ਸੱਤੋਵਾਲੀਆ, ਨਿਰਮਲ ਸਿੰਘ ਬੱਲ, ਅਸ਼ਵਨੀ ਅਣਜਾਨ, ਹਰਨਿੰਦਰ ਕੌਰ, ਚਰਨਜੀਤ ਅੱਟਾ, ਸੀਤਲ ਬੰਗਾ, ਅਮਰੀਕ ਸਿੰਘ ਮਦਹੋਸ਼, ਮਨੋਜ ਫਗਵਾੜਵੀ, ਦਿਲਬਹ-ਾਰ ਸ਼ੋਕਤ, ਰਾਮ ਪ੍ਰਕਾਸ਼ ਟੋਨੀ, ਬਲਜੀਤ ਸਿੰਘ ਸੰਧੂ ਰਿਟਾਇਰ ਤਸੀਲਦਾਰ, ਗੱਗੀ ਸ਼ਾਹਪੁਰ, ਹਰਭਜਨ ਸਿੰਘ, ਅਵਤਾਰ ਸਿੰਘ ਗੋਬਿਦਵਾਲ, ਨਾਨਕ ਚੰਦ ਨੇ ਆਪਣੀ ਹਾਜ਼ਰੀ ਭਰੀ। ਇਸ ਮੌਕੇ ਬੋਲਦਿਆਂ ਪ੍ਰਧਾਨ ਸੁਖਦੇਵ ਸਿੰਘ ਨਿਰਮੋਹੀ, ਖਜ਼ਾਨਚੀ ਅਮਰੀਕ ਸਿੰਘ ਮਦਹੋਸ਼ ਨੇ ਕਿਹਾ ਕਿ ਇਹ ਕਵੀ ਦਰਬਾਰ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਮਰਪਿਤ ਕਰਵਾਇਆ ਗਿਆ। ਉਨਾਂ ਕਿਹਾ ਕਿ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਸੰਨ 1886 ਵਿੱਚ ਕੰਮ ਦਿਹਾੜੀ ਸਮਾ 8 ਘੰਟੇ ਕਰਵਾਉਣ ਲਈ ਕੁਰਬਾਨੀਆਂ ਭਰਿਆ ਸੰਘਰਸ ਲੜਿਆ ਤੇ ਜਿੱਤਿਆ। ਇਸ ਮੌਕੇ ਕਵੀਆਂ ਨੇ ਮਜਦੂਰਾਂ ਨੂੰ ਸਮਰਪਿਤ ਆਪੋ ਆਪਣੇ ਰੰਗ ਵਿੱਚ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਸੰਸਥਾਂ ਵਲੋਂ ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਕਵੀਆਂ ਨੂੰ ਸੰਸਥਾਂ ਦੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਚ ਕੁਲਵੰਤ ਸਿੰਘ ਸੱਗੂ ਨੇ ਕਵੀ ਦਰਬਾਰ ਨੂੰ ਸਫਲ ਬਣਾਉਣ ਵਾਲੇ ਸਹਿਯੋਗੀਆਂ ਦਾ ਤਹਿ ਦਿਲੋ ਧੰਨਵਾਦ ਕੀਤਾ।

# ਸਰਕਾਰੀ ਸਕੂਲ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ



**ਫਿਲੌਰ/ਅੱਪਰਾ 4 ਮਈ (ਦੀਪਾ)**:-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਦੁਸਾਂਝ ਕਲਾਂ (ਲੜਕੀਆਂ) ਬਲਾਕ ਗੁਰਾਇਆ 2 (ਜਲੰਧਰ) ਵਿਖੇ ਸੈਸ਼ਨ ਆਰੰਭਤਾ ਸਮਾਗਮ ਦੌਰਾਨ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਅਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।

ਜਿਸ 'ਚ ਸਾਲ 2025-26 ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਜਿਸ 'ਚ ਪੜ੍ਹਾਈ ਅਤੇ ਖੇਡਾਂ ਵਿਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨਤ ਕੀਤਾ ਗਿਆ। ਇਸ ਮੌਕੇ ਹੈਂਡ ਟੀਚਰ ਵਿਕਾਸ ਮੋਹਨ ਵੱਲੋਂ ਸਕੂਲ ਵਿਖੇ ਪਹੁੰਚੇ ਪਿੰਡ ਵਾਸੀਆਂ ਅਤੇ ਮਹਿਮਾਨਾਂ ਨੂੰ ਜੀ ਆਇਆ ਆਖਿਆਂ ਗਿਆ। ਇਸ ਸਮਾਗਮ ਦੌਰਾਨ ਸਰਪੰਚ ਨਿਰਮਲ ਕੁਮਾਰ ਨਵੀਂ ਵੱਲੋਂ 5 ਹਜ਼ਾਰ ਰੁਪਏ ਨਗਦ ਰਾਸ਼ੀ ਸਕੂਲ ਮੁਖੀ ਨੂੰ ਭੇਂਟ ਕੀਤੀ ਗਈ। ਇਸ ਮੌਕੇ ਤੇ ਪਹੁੰਚੇ ਪਤਵੰਤੇ ਸੱਜਣਾਂ ਵੱਲੋਂ ਐਨ.ਆਰ.ਆਈ ਵੀਰਾਂ ਅਤੇ ਪਿੰਡ ਦੁਸਾਂਝ ਕਲਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਡਾ. ਬੀ ਆਰ ਅੰਬੇਡਕਰ ਐਂਡ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਸਿੱਖਿਆ ਵਿਭਾਗ ਦੀਆਂ ਸ਼ਖਸ਼ੀਅਤਾਂ ਵੱਲੋਂ ਸਕੂਲ ਵਿਦਿਆਰਥੀਆਂ ਅਧਿਆਪਕਾਂ ਸਕੂਲ ਮੈਨੇਜਮੈਂਟ ਕਮੇਟੀ ਨੂੰ ਆਉਣ ਵਾਲੇ ਸੈਸ਼ਨ 2026-27 ਦੇ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਬੱਚਿਆਂ ਦੀ ਸਿੱਖਿਆ ਅਤੇ ਸਮਾਜਿਕ ਖੇਤਰ ਵਿੱਚ ਪ੍ਰਾਪਤੀਆਂ ਲਈ ਅਰਦਾਸ ਕੀਤੀ, ਇਸ ਦੇ ਨਾਲ ਨਾਲ ਸਕੂਲ ਨੂੰ ਬਹੁਤ ਸਾਰੀ ਆਰਥਿਕ ਸਹਾਇਤਾ ਵੀ ਦਿੱਤੀ ਗਈ।ਇਸ ਸਮਾਗਮ ਵਿੱਚ ਸਕੂਲ ਦੀ ਮਾਲੀ ਸਹਾਇਤਾ ਕਰਨ ਵਾਲੇ ਇਨ੍ਹਾਂ ਦਾਨੀਂ ਸੱਜਣਾਂ ਜਿਵੇਂ ਕਿ ਮੱਖਣ ਸਿੰਘ ਪੁੱਤਰ ਗੁਰਦੀਪ ਸਿੰਘ ਸ਼ੁਵਿੰਦਰ ਕੌਰ ਪਤਨੀ ਸੁੱਚਾ ਸਿੰਘ, ਅਮਰਜੀਤ ਕੌਰ ਰੰਧਾਵਾ, ਕੁਲਦੀਪ ਮੱਟੂ, ਬਲਜੀਤ ਕੌਰ ਨਾਗਰਾ, ਸੁਖਜੀਤ ਦੁਸਾਂਝ, ਨਾਇਲਾ ਦੁਸਾਂਝ ਇੰਗਲੈਂਡ ਨਿਵਾਸੀਆਂ ਵੱਲੋਂ ਪੰਜ ਸੋ ਪੌਡ ਦੀ ਨਗਦ ਰਾਸ਼ੀ ਭੇਂਟ ਕੀਤੀ ਗਈ, ਇਨ੍ਹਾਂ ਦਾਨੀਂ ਸੱਜਣਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਦਵਿੰਦਰ ਸਿੰਘ ਖਾਲਸਾ, ਤਾਹਿਰ ਖਾਨ, ਰਾਣਾ ਦੁਸਾਂਝ ਵੱਲੋਂ ਚਾਹ ਦੇ ਲੰਗਰ ਦੀ ਸੇਵਾ ਕੀਤੀ ਗਈ। ਇਸ ਮੌਕੇ ਮੁੱਖ ਅਧਿਆਪਕ ਵਿਕਾਸ ਮੋਹਨ, ਸਰਪੰਚ ਨਿਰਮਲ ਕੁਮਾਰ ਨਵੀਂ, ਰਣਜੀਤ ਸਿੰਘ, ਸੁਖਵਿੰਦਰ ਸਿੰਘ ਜੀ ਐੱਸ ਟੀ, ਜੀਵਨ ਲਾਲ, ਪਲਵਿੰਦਰ ਕੁਮਾਰ, ਅਮਨਦੀਪ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਮੈਨ ਸ਼੍ਰੀਮਤੀ ਪਰਵੀਨ ਕੌਰ, ਦਵਿੰਦਰ ਸਿੰਘ, ਤਾਹਿਰ ਖਾਨ, ਸ਼੍ਰੀਮਤੀ ਸੁਖਵਿੰਦਰ ਕੌਰ, ਸ਼੍ਰੀਮਤੀ ਕ੍ਰਿਸ਼ਨਾ ਰਾਣੀ, ਹਰਕਮਲ ਕੌਰ, ਸਮਾਜ ਸੇਵੀ ਸ਼੍ਰੀਮਤੀ ਬਲਜਿੰਦਰ ਕੌਰ, ਸ਼੍ਰੀਮਤੀ ਮਨਜੀਤ ਕੌਰ, ਸ਼੍ਰੀਮਤੀ ਕੁਲਵਿੰਦਰ, ਜੀਵਨ ਕੁਮਰੀ, ਸ਼੍ਰੀਮਤੀ ਕਿਰਨਦੀਪ ਕੌਰ, ਸ਼੍ਰੀਮਤੀ ਕੁਲਵਿੰਦਰ ਕੌਰ, ਸ਼੍ਰੀਮਤੀ ਸੋਨੀਆ, ਸ਼੍ਰੀਮਤੀ ਸੀਮਾ ਰਾਣੀ, ਸ਼੍ਰੀਮਤੀ ਕਿਰਨਦੀਪ ਕੌਰ ਤੋਂ ਇਲਾਵਾਂ ਇਲਾਕੇ ਭਰ ਤੋਂ ਪਤਵੰਤੇ ਸੱਜਣ ਆਦਿ ਹਾਜ਼ਰ ਸਨ।

# ਪ੍ਰਗਤੀਸ਼ੀਲ ਲੇਖਕ ਸੰਘ ਵਲੋਂ ਸਮਾਗਮ ਕਰਵਾਇਆ ਗਿਆ

**ਬਰਨਾਲਾ (ਚੰਡਿਹੋਕ)** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਵਿਖੇ 'ਪ੍ਰਗਤੀਸ਼ੀਲ ਅੰਦੋਲਨ : ਪ੍ਰਾਪਤੀਆਂ, ਦਸ਼ਾ ਅਤੇ ਦਿਸ਼ਾ' ਮਜ਼ਮੂਨ 'ਤੇ ਆਧਾਰਿਤ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਮੁੱਖ ਬੁਲਾਰੇ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਪ੍ਰਗਤੀਸ਼ੀਲ ਅੰਦੋਲਨ ਸੰਸਾਰ ਵਿਆਪੀ ਅੰਦੋਲਨ ਹੈ ਜਿਹੜਾ ਅੱਜ ਵੀ ਕਿਸੇ ਨਾ ਕਿਸੇ ਰੂਪ ਜਾਰੀ ਹੈ। ਦੁਨੀਆ ਵਿੱਚ ਜਦੋਂ ਵੀ ਕੋਈ ਤਾਨਾਸ਼ਾਹ ਮਨੁੱਖਤਾ ਲਈ ਖਤਰਾ ਬਣਦਾ ਹੈ ਤਾਂ ਸਾਹਿਤ ਅਤੇ ਕਲਾ



ਨਾਲ ਜੁੜੇ ਲੋਕ ਇਸ ਦਾ ਡਟਵਾਂ ਵਿਰੋਧ ਕਰਦੇ ਹਨ। ਮੁੱਖ ਮਹਿਮਾਨ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਲੇਖਕਾਂ ਨੂੰ ਸੰਸਾਰ ਪੱਧਰ 'ਤੇ ਵਾਪਰਨ ਵਾਲੇ ਵਰਤਾਰਿਆਂ ਪਿੱਛੇ ਦੀ ਰਾਜਨੀਤੀ ਨੂੰ ਸਮਝ ਕੇ ਹੀ ਸਾਹਿਤ ਸਿਰਜਣਾ ਕਰਨੀ ਚਾਹੀਦੀ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਬਰਨਾਲਾ ਇਕਾਈ ਇਸ ਗੱਲੋਂ ਵਧਾਈ ਦੀ ਹੱਕਦਾਰ ਕਿ ਉਸ ਨੇ ਸੰਸਾਰ ਪੱਧਰ ਦੇ ਮਸਲੇ 'ਤੇ ਚਰਚਾ ਕਰਵਾਈ ਹੈ। ਵਿਚਾਰ ਵਟਾਂਦਰੇ ਵਿੱਚ ਡਾ. ਭੁਪਿੰਦਰ ਸਿੰਘ ਬੇਦੀ, ਪ੍ਰਿੰ. ਦਰਸ਼ਨ ਚੀਮਾ, ਜਗਤਾਰ ਜਜ਼ੀਰਾ ਅਤੇ ਹਰਚਰਨ ਸਿੰਘ ਚਹਿਲ ਨੇ ਵੀ ਭਾਗ ਲਿਆ।

ਇਸ ਮੌਕੇ 'ਸਮਾਂਤਰ ਨਜ਼ਰੀਆ' ਪਰਚੇ ਦਾ ਅਪ੍ਰੈਲ-ਜੂਨ ਅੰਕ ਅਤੇ ਭੋਲਾ ਸਿੰਘ ਸੰਘੇੜਾ ਦੀ ਸ਼ਬਦ ਚਿੱਤਰਾਂ ਦੀ ਪੁਸਤਕ 'ਜੰਗਲ਼ੀ ਗੁਲਾਬ' ਦੇ ਦੂਜੇ ਸੰਸਕਰਣ ਨੂੰ ਲੋਕ ਅਰਪਣ ਕਰਨ ਦੀ ਰਸਮ ਵਿੱਚ ਪ੍ਰਧਾਨਗੀ ਮੰਡਲ ਦਾ ਸਾਥ ਯਾਦਵਿੰਦਰ ਸਿੰਘ ਤਪਾ, ਖ਼ੁਸ਼ਵਿੰਦਰ ਸੂਰੀਆ, ਇਕਬਾਲ ਕੌਰ ਉਦਾਸੀ, ਮੇਜਰ ਸਿੰਘ ਗਿੱਲ ਅਤੇ ਰਾਮ ਸਰੂਪ ਸ਼ਰਮਾ ਨੇ ਦਿੱਤਾ। ਸਮਾਗਮ ਦੇ ਆਰੰਭ ਵਿੱਚ ਜਿੱਥੇ ਡਾ. ਰਾਮ ਪਾਲ ਸ਼ਾਹਪੁਰੀ ਨੇ ਜੀ ਆਇਆਂ ਕਿਹਾ ਉੱਥੇ ਡਾ. ਹਰਿਭਗਵਾਨ ਬਰਨਾਲਾ ਨੇ ਇਕਾਈ ਦੀਆਂ ਪ੍ਰਾਪਤੀਆਂ ਦਾ ਸੰਖੇਪ ਵਿੱਚ ਜ਼ਿਕਰ ਕੀਤਾ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਡਾ. ਸੁਰਿੰਦਰ ਸਿੰਘ ਭੱਠਲ, ਸੰਧੂ ਗਗਨ, ਲਛਮਣ ਦਾਸ ਮੁਸਾਫਿਰ, ਤੇਜਿੰਦਰ ਚੰਡਿਹੋਕ, ਰਜਿੰਦਰ ਸ਼ੌਕੀ, ਜੱਗੀ ਭੋਤਨਾ, ਅਰਮਾਨ ਭੋਤਨਾ, ਰਾਮ ਸਿੰਘ ਹਠੂਰ, ਨਰਿੰਦਰਪਾਲ ਸਿੰਗਲਾ ਅਤੇ ਜਸਵਿੰਦਰ ਕੌਰ ਘਨੌਰੀ ਆਦਿ ਨੇ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ। ਸਮਾਗਮ ਵਿੱਚ ਵਿਨੋਦ ਅਨੀਕੇਤ, ਦੇਵ ਖੁੱਡੀ ਕਲਾਂ, ਮਨਦੀਪ ਕੌਰ ਭਦੌੜ, ਪ੍ਰੋ. ਚਤਿੰਦਰ ਸਿੰਘ ਰੁਪਾਲ, ਹਰਦੀਪ ਟੱਲੇਵਾਲ, ਕਮਲਜੀਤ ਕੌਰ ਅਤੇ ਸਰਵਣ ਸਿੰਘ ਆਦਿ ਨੇ ਵੀ ਸ਼ਮੂਲੀਅਤ ਕੀਤੀ।

# ਬਲਾਕ ਫਿਲੌਰ ਦੇ ਹਰ ਪਿੰਡ ਦਾ ਵਿਕਾਸ ਕਰਨ ਲਈ ਬਸਪਾ ਬਚਨਬੱਧ : ਸੰਦੀਪ ਕੌਰ ਚੇਅਰਪਰਸਨ ਫਿਲੌਰ

## 34 ਪਿੰਡਾਂ ਦੀਆਂ ਪੰਚਾਇਤਾਂ ਨੂੰ ਵੰਡੀਆ ਲੱਗ ਭੱਗ ਇੱਕ ਕਰੋੜ ਅੱਠ ਲੱਖ ਦੀਆਂ ਗਰਾਂਟਾਂ

**ਫਿਲੌਰ/ਅੱਪਰਾ-4 ਮਈ (ਦੀਪਾ):-** ਬਲਾਕ ਫਿਲੌਰ ਦੇ ਅਧੀਨ ਆਉਂਦੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਬਹੁਜਨ ਸਮਾਜ ਪਾਰਟੀ ਦੀ ਨਵਨਿਯੁਕਤ ਚੇਅਰਪਰਸਨ ਮੈਡਮ ਸੰਦੀਪ ਕੌਰ ਲਾਂਦੜਾ ਵੱਲੋਂ ਇਕ ਕਰੋੜ 8 ਲੱਖ ਦੇ ਲਗਭਗ ਵਿਕਾਸ ਕਾਰਜਾਂ ਲਈ ਗਰਾਂਟ ਜਾਰੀ ਕੀਤੀ ਗਈ। ਇਸ ਮੌਕੇ ਮੈਡਮ ਸੰਦੀਪ ਕੌਰ ਨੇ ਦੱਸਿਆ ਕਿ ਸਾਡਾ ਪਹਿਲਾ ਮਕਸਦ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨਾ ਹੈ ਉਨਾ ਕਿਹਾ ਕਿ ਮੇਰੇ ਚਾਰਜ ਸੰਭਾਲਣ ਸਮੇਂ ਸਾਡੀ ਪਾਰਟੀ ਦੇ ਸਤਿਕਾਰਯੋਗ ਪ੍ਰਧਾਨ ਡਾਕਟਰ ਅਵਤਾਰ ਸਿੰਘ ਜੀ ਕਰੀਮਪੁਰੀ ਸਾਹਿਬ ਹੁਣਾਂ ਨੇ ਜੋ ਦਿਸ਼ਾ ਨਿਰਦੇਸ਼ ਸਾਨੂੰ ਸਰਬ ਪੱਖੀ ਵਿਕਾਸ ਲਈ ਦਿੱਤੇ ਸਨ ਉਨ੍ਹਾਂ ਦਿਸ਼ਾ ਨਿਰਦੇਸਾਂ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਹਰ ਪਿੰਡ ਦਾ ਵਿਕਾਸ ਕਰਨ ਦਾ ਬਸਪਾ ਦਾ ਜੋ ਸੰਕਲਪ ਹੈ ਉਸ ਨੂੰ ਪੂਰਾ ਕੀਤਾ ਜਾਵੇਗਾ। ਉਹਨਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੀ ਅਸੀਂ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਹਰ ਪਿੰਡ ਦੇ ਜਰੂਰਤ ਨੂੰ ਦੇਖਦੇ ਹੋਏ ਜਿਸ ਕੰਮ ਲਈ ਪਿੰਡਾਂ



ਦੇ ਸਰਪੰਚ ਸਾਹਿਬਾਨਾਂ ਨੇ ਜੋ ਪ੍ਰਸਤਾਵ ਰੱਖੇ ਸੀ ਉਹਨਾਂ ਨੂੰ ਪੂਰੇ ਕਰਦੇ ਹੋਏ ਔਰ ਆਪਣੀ ਪਾਰਟੀ ਦੇ ਸੂਬਾ ਪ੍ਰਧਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਸਾਰੇ ਪਿੰਡਾਂ ਨੂੰ ਆਪਣੇ ਸੰਮਤੀ ਖਾਤੇ ਵਿੱਚੋਂ ਵਿਕਾਸ ਕਾਰਜਾਂ ਲਈ ਗਰਾਂਟਾਂ ਜਾਰੀ ਕੀਤੀਆਂ ਹਨ। ਇਸ ਮੌਕੇ ਸ਼੍ਰੀਮਤੀ ਨਛੱਤਰ ਕੌਰ ਵਾਈਸ ਚੇਅਰਪਰਸਨ, ਜੋਨ ਇੰਚਾਰਜ ਪੰਜਾਬ ਤੀਰਥ ਰਾਜਪੁਰਾ, ਖੁਸ਼ੀ ਰਾਮ ਸਰਪੰਚ ਜਿਲਾ ਪ੍ਰਭਾਰੀ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ, ਮਨਜੀਤ ਸਿੰਘ ਜੀਤੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ , ਸ਼੍ਰੀਮਤੀ ਰਜਨੀ ਬਾਲਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਸੁਖਵਿੰਦਰ ਬਿੱਟੂ ਹਲਕਾ ਪ੍ਰਧਾਨ ਮਹਿੰਦਰ ਪਾਲ ਸਿੰਘ ਕੋਆਰਡੀਨੇਟਰ ਹਲਕਾ ਫਿਲੌਰ, ਬੁੱਧ ਪ੍ਰਕਾਸ਼ ਗੜਾ, ਤੀਰਥ ਸਿੰਘ ਮੈਂਗੜ੍ਹਾ, ਬਿੱਟੂ ਪਾਲਾਂ, ਤਿਲਕ ਰਾਜ ਅੱਪਰਾ,ਵੇਦ ਪ੍ਰਕਾਸ਼ ਲਾਂਦੜਾ ਬਸਪਾ ਆਗੂ,ਵਿਨੇ ਕੁਮਾਰ ਸਰਪੰਚ ਬਲਜੀਤ ਕੌਰ , ਕੁਲਵਿੰਦਰ ਸਿੰਘ ਮੱਖਣ ਸੁਮਨ ,ਸੁਖਬੀਰ ਸਿੰਘ ਗਿੱਲ ਮਦਨ ਲਾਲ ,ਗੁਰਜੀਤ ਕੌਰ ਮਨਦੀਪ ਕੌਰ ,ਜਤਿੰਦਰ ਸਿੰਘ ਨਿਜਰ ,ਬਲਾਕ ਸੰਮਤੀ ਮੈਂਬਰ ਜਗਦੀਸ਼ ਕੁਮਾਰ ਨਗਰ, ਬਲਾਕ ਸੰਮਤੀ ਮੈਂਬਰ ਕੁਲਵਿੰਦਰ ਕੌਰ ਚੱਕ ਸਾਹਬੂ , ਬਲਾਕ ਸੰਮਤੀ ਮੈਂਬਰ ਰਕੇਸ਼ ਕੁਮਾਰ ਘਈ ਅੱਪਰਾ, ਬਲਾਕ ਸੰਮਤੀ ਮੈਂਬਰ ਮੁੱਖਮੀਤ ਕੌਰ, ਬਲਾਕ ਸੰਮਤੀ ਮੈਂਬਰ ਸੁੱਚਾ ਰਾਮ, ਬਲਾਕ ਸੰਮਤੀ ਮੈਂਬਰ ਅਨੀਤਾ ਰਾਣੀ , ਬਲਾਕ ਸੰਮਤੀ ਮੈਂਬਰ ਨਵਦੀਪ ਸਿੰਘ, ਬਲਾਕ ਸੰਮਤੀ ਮੈਂਬਰ ਤਰਨਜੀਤ ਸਿੰਘ, ਸਾਰੇ ਹੀ ਮੈਂਬਰ ਬਲਾਕ ਸੰਮਤੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਫ਼ਰੀਦਕੋਟ ਦੀ ਸ਼ਹੀਦ ਕਾਮਰੇਡ ਅਮੋਲਕ ਸਿੰਘ ਜੀ ਦੀ ਬਰਸੀ ਸਬੰਧੀ ਪਿੰਡ ਨਵੀਂ ਪਿਪਲੀ ਹੋਈ ਮੀਟਿੰਗ

**ਫ਼ਰੀਦਕੋਟ ( ਸ਼ਿਵਨਾਥ)** ਅੱਜ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਫ਼ਰੀਦਕੋਟ ਦੀ ਜਰੂਰੀ ਮੀਟਿੰਗ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਪ੍ਰਧਾਨਗੀ ਹੇਠ ਹੋਈ। ਓਨਾਂ ਸੰਬੋਧਨ ਕਰਦਿਆ ਕਿਹਾ, ਸਾਡੇ ਜੁਝਾਰੂ ਸੰਘਰਸ਼ਸ਼ੀਲ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਅਮੋਲਕ ਸਿੰਘ ਔਲਖ ਜੋ ਅੱਤਵਾਦ ਦੇ ਦੌਰ ਵਿੱਚ ਅੱਤਵਾਦ ਦੀ ਭੇਂਟ ਚੜੇ , ਓਨਾਂ ਨੂੰ ਯਾਦ ਕਰਦਿਆਂ , ਓਨਾਂ ਦੇ ਪਿੰਡ ਔਲਖ ਵਾਸੀਆਂ ਤੇ ਕਮਿਊਨਿਸਟ ਪਾਰਟੀ ਅਤੇ ਨਰੇਗਾ ਮਜਦੂਰਾਂ ਵੱਲੋ ਓਨਾਂ ਨੂੰ ਹਰ ਸਾਲ ਇਕ ਸਾਨਦਾਰ ਸਮਾਗਮ ਓਨਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਕੀਤਾ ਜਾਂਦਾ ਹੈ। ਜਿਸ ਵਿਚ ਆਸ ਪਾਸ ਦੇ ਪਿੰਡਾਂ ਤੋ ਨਰੇਗਾ ਮਜਦੂਰ, ਪਾਰਟੀ ਵਰਕਰ ਕਤਾਰਾਂ ਬੰਨ ਕੇ ਪੁਜਦੇ



ਹਨ ਤੇ ਸ਼ਰਧਾਂਜਲੀ ਭੇਂਟ ਕਰਦੇ ਹਨ। ਪ੍ਰੈਸ ਨਾਲ ਗੱਲਬਾਤ ਦੌਰਾਨ ਨਰੇਗਾ ਦੇ ਮੁੱਖ ਸਲਾਹਕਾਰ ਬਲਕਾਰ ਸਿੰਘ ਸਹੋਤਾ ਨੇ ਕਿਹਾ, ਨਰੇਗਾ ਮਜਦੂਰਾਂ ਦੇ ਦਿਨ ਭਾਵੇ 125 ਦਿਨ ਕਰਤੇ , ਪਰ ਹਾਲੇ ਤੱਕ ਬਹੁਤ ਸਾਰੇ ਪਿੰਡਾਂ ਦੇ ਕੰਮ ਬੰਦ ਹਨ। ਨਰੇਗਾ ਮਜਦੂਰਾਂ ਦੇ ਕੰਮ ਦੀ ਬਣਦੀ ਰਕਮ ਮਾਰਚ ਮਹੀਨੇ ਤੋ ਨਹੀ ਪਾਈ ਗਈ। ਸੋ ਅਸੀ ਇਸ ਪ੍ਰਤੀ ਸਰਕਾਰਾਂ ਤੋ ਮੰਗ ਕਰਦੇ ਹਾਂ, ਕਿ ਨਰੇਗਾ ਮਜ਼ਦੂਰਾਂ ਦੇ ਪਿਛਲੇ ਦੋ ਮਹੀਨਿਆਂ ਦੀ ਬਣਦੀ ਰਕਮ ਜਲਦ ਖਾਤਿਆਂ ਵਿੱਚ ਪਾਈ ਜਾਵੇਗਾ। ਇਸ ਪ੍ਰਤੀ ਨਰੇਗਾ ਮਜਦੂਰਾਂ ਅੰਦਰ ਰੋਸ ਹੈ।

ਇਸ ਸਮੇ ਮੰਦਰ ਸਿੰਘ ਕਿਲਾਂ ਨੌ, ਤਰਲੋਕ ਰਾਜੋਵਾਲਾ, ਲਵਪ੍ਰੀਤ ਕੌਰ ਮੇਟ, ਗੁਰਵਿੰਦਰ ਕੌਰ,ਪ੍ਰਕਾਸ਼ ਕੌਰ,ਮਨਪ੍ਰੀਤ ਕੌਰ, ਮਨਪ੍ਰੀਤ ਕੌਰ,ਚਰਨਪ੍ਰੀਤ ਕੌਰ, ਸਵਰਨਜੀਤ ਕੌਰ, ਮਨਜੀਤ ਕੌਰ, ਜਸਵਿੰਦਰ ਕੌਰ, ਮਿੱਠੂ ਸਿੰਘ ਮਨਪ੍ਰੀਤ ਕੌਰ।

# ਵਿਆਹ ਵਿੱਚ ਬੀਅ ਦਾ ਲੇਖਾ...

ਮੇਰਾ ਮੰਨਣਾ ਹੈ ਕਿ ਹਰ ਗੱਲ ਨੂੰ ਕਹਿਣ ਦਾ ਆਪਣਾ ਇੱਕ ਖਾਸ ਲਹਿਜਾ, ਮੌਕਾ ਅਤੇ ਸਥਾਨ ਹੁੰਦਾ ਹੈ। ਕੋਟਕਪੂਰਾ ਸਕੂਲ ਦੀ ਘਟਨਾ ਦੇ ਸਬੰਧ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਲਾਸ ਵਿੱਚ ਜੋ ਚੈਪਟਰ ਪੜਾਇਆ ਜਾ ਰਿਹਾ ਸੀ ਉਹ ਦੇਸ਼ ਦੀਆਂ ਅਗਾਂਹਵਧੂ ਔਰਤਾਂ ਦੇ ਸਬੰਧ ਵਿੱਚ ਸੀ। ਅਤੇ ਰਾਸ਼ਟਰੀ ਪੱਧਰ ਤੇ ਜੇਕਰ ਦੇਸ਼ ਦੀਆਂ ਸਭ ਤੋਂ ਮਜ਼ਬੂਤ ਜਾਂ ਮਸ਼ਹੂਰ ਮਹਿਲਾਵਾਂ ਦਾ ਜਿਕਰ ਕੀਤਾ ਜਾਵੇ ਤਾਂ ਬਿਨਾਂ ਸ਼ੱਕ ਸ੍ਰੀਮਤੀ ਇੰਦਰਾ ਗਾਂਧੀ ਦਾ ਜਿਕਰ ਵੀ ਜਰੂਰ ਹੀ ਆਵੇਗਾ ।

ਅਗਲੀ ਗੱਲ ਇਹ ਹੈ ਕਿ ਸਕੂਲਾਂ ਵਿੱਚ ਸਿਲੇਬਸ ਪੜਾਇਆ ਜਾਂਦਾ ਹੈ ਅਤੇ ਸਿਲੇਬਸ ਦੇ ਅਧਾਰ ਤੇ ਹੀ ਇਮਤਿਹਾਨ ਹੁੰਦੇ ਹਨ ਅਤੇ ਬੱਚੇ ਉਸੇ ਅਧਾਰ ਤੇ ਫੇਲ੍ਹ ਜਾਂ ਪਾਸ ਹੁੰਦੇ ਹਨ। ਅਤੇ ਅਧਿਆਪਕਾਂ ਦੀ ਜਿੰਮੇਵਾਰੀ ਵੀ ਬੱਚਿਆਂ ਨੂੰ ਸਿਲੇਬਸ ਪੜਾਉਣ ਦੀ ਹੀ ਹੁੰਦੀ ਹੈ। ਹਾਂ ਇਹ ਵੱਖਰੀ ਗੱਲ ਹੈ ਕਿ ਜੇਕਰ ਕੋਈ ਅਧਿਆਪਕ ਸਿਲੇਬਸ ਪੜਾਉਣ ਦੇ ਨਾਲ ਨਾਲ ਹੋਰ ਵਾਧੂ ਜਾਣਕਾਰੀ ਵੀ ਦੇਵੇ ਤਾਂ ਬੱਚਿਆਂ ਦਾ ਬਹੁਮੁਖੀ ਵਿਕਾਸ ਹੁੰਦਾ ਹੈ। ਹੁਣ ਗੱਲ ਕਰਦੇ ਹਾਂ ਉਸ ਬੱਚੇ ਦੀ ਜਿਸ ਨੇ ਇੰਦਰਾ ਗਾਂਧੀ ਦੇ ਨਾਮ ਤੇ ਆਪਣਾ ਇਤਰਾਜ ਜਾਹਿਰ ਕੀਤਾ । ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲਾ ਕਰਨ ਦੇ ਸਬੰਧ ਵਿੱਚ ਇੰਦਰਾ ਗਾਂਧੀ ਸਿੱਖਾਂ ਦੀ ਨਫਰਤ ਦੀ ਪਾਤਰ ਬਣੀ ਹੈ। ਪਰ ਮੇਰਾ ਮੰਨਣਾ ਇਹ ਹੈ ਕਿ ਇਹ ਸਿਲੇਬਸ ਤੋਂ ਬਾਹਰ ਦੀ ਗੱਲ ਹੈ । ਇਸ ਗੱਲ ਤੇ ਕਲਾਸਰੂਮ ਵਿੱਚ ਵਿਚਾਰ ਵਟਾਂਦਰਾ ਨਹੀਂ ਹੋ ਸਕਦਾ। ਸਗੋਂ ਇਸ ਘਟਨਾ ਤੋਂ ਇਲਾਵਾ ਹਜਾਰਾਂ ਹੋਰ ਅਜਿਹੀਆਂ ਸੰਵੇਦਨਸ਼ੀਲ ਘਟਨਾਵਾਂ ਹਨ ਜੋ ਇਸ ਦਾਇਰੇ ਤੋਂ ਬਾਹਰ ਹਨ। ਸ਼ਾਇਦ ਇਸੇ ਲਈ ਹੀ ਅਜਿਹੀਆਂ ਘਟਨਾਵਾਂ ਨੂੰ ਸਿਲੇਬਸ ਤੋਂ ਬਾਹਰ ਰੱਖਿਆ ਗਿਆ ਹੈ ਤਾਂ ਕਿ ਬੱਚਿਆਂ ਦੇ ਕੋਮਲ ਮਨਾਂ ਤੇ ਇਹਨਾਂ ਘਟਨਾਵਾਂ ਦਾ ਅਸਰ ਨਾ ਹੋਵੇ।

ਸਕੂਲ ਵਿੱਚ ਭਾਸ਼ਾ, ਵਿਗਿਆਨ, ਮੈਥਿਮੈਟਿਕਸ, ਸਮਾਜਿਕ ਸਾਇੰਸ, ਕੰਪਿਊਟਰ, ਸਰੀਰਕ ਸਿੱਖਿਆ, ਡਰਾਇੰਗ, ਵਰਗੇ ਬਹੁਤ ਮਹੱਤਵਪੂਰਨ ਵਿਸ਼ੇ ਵੀ ਪੜਾਏ ਜਾਂਦੇ ਹਨ ਜਿਨ੍ਹਾਂ ਦਾ ਇਸ ਸਵਾਲ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਦੂਜੀ ਗੱਲ ਅਧਿਆਪਕ ਸਿਲੇਬਸ ਪੜਾਉਂਦਾ ਹੈ, ਸਿਲੇਬਸ ਤਿਆਰ ਨਹੀਂ ਕਰਦਾ ।ਜੇਕਰ ਸਮਾਜਿਕ ਲੀਡਰਾਂ ਨੂੰ ਲੱਗਦਾ ਹੈ ਕਿ ਸਿਲੇਬਸ ਗਲਤ ਹੈ ਤਾਂ ਇਸ ਬਾਰੇ ਉਨ੍ਹਾਂ ਲੋਕਾਂ ਨਾਲ ਗੱਲ ਹੋਣੀ ਚਾਹੀਦੀ ਹੈ ਜੋ ਸਿਲੇਬਸ ਬਣਾਉਂਦੇ ਹਨ।

ਬੱਚੇ ਸਕੂਲਾਂ ਵਿੱਚ ਸਿੱਖਣ ਜਾਂਦੇ ਹਨ । ਸਵਾਲ ਕਰਨਾ ਉਹਨਾਂ ਦਾ ਅਧਿਕਾਰ ਹੈ ਪਰ ਉਹਨਾਂ ਨੂੰ ਆਪਣੇ ਸਵਾਲਾਂ ਦੇ ਦਾਇਰੇ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ ।

ਇੱਕ ਅਧਿਆਪਕ ਅਤੇ ਵਿਦਿਆਰਥੀ ਦੇ ਛੋਟੇ ਮਸਲੇ ਨੂੰ ਏਡੀ ਵੱਡੀ ਪੱਧਰ ਤੇ ਚਰਚਿਤ ਕਰਕੇ ਇੱਕ ਅਧਿਆਪਕ ਨੂੰ ਬਦਨਾਮ ਕਰਨਾ ਸ਼ੋਸ਼ਲ ਮੀਡੀਆ ਦੀ ਪ੍ਰਾਪਤੀ ਹੈ। ਇਸ ਮਸਲੇ ਨੂੰ ਕਲਾਸਰੂਮ ਦੇ ਅੰਦਰ ਹੀ ਨਿਪਟਾਇਆ ਜਾ ਸਕਦਾ ਸੀ। ਪਰ ਸ਼ਾਇਦ ਸਵਾਦ ਲੈਣ ਵਾਲੇ ਸ਼ੋਸ਼ਲ ਮੀਡੀਆ ਨੂੰ ਇਹ ਰਾਸ ਨਹੀਂ ਸੀ ਆਉਣਾ।



ਗੁਰਦੀਪ ਕੌਰੇਆਣਾ

# ਬਚਪਨ 'ਚ ਵੇਖੇ ਯਾਦਗਾਰੀ ਵਿਆਹ

**ਓਦੋਂ** ਰਿਸ਼ਤੇਦਾਰੀਆਂ ਖਾਸਕਰ ਨਾਨਕਿਆਂ ਵਿੱਚ ਹੁੰਦੇ ਵਿਆਹਾਂ ਦਾ ਬੜਾ ਚਾਅ ਹੁੰਦਾ ਸੀ। ਚਾਹੇ ਕੱਪੜਿਆਂ ਦੇ ਨਾਮ ਤੇ ਇੱਕ ਕੁੜਤਾ ਪਜਾਮਾ ਹੀ ਮਿਲਦਾ ਸੀ ਨਵਾਂ। ਪ੍ਰੰਤੂ ਸਕੂਲੋਂ ਹਫਤੇ ਦੀਆਂ ਛੁੱਟੀਆਂ ਤੇ ਵਿਆਹ ਵਿੱਚ ਚਾਰ ਪੰਜ ਦਿਨ ਰਹਿਣ ਨੂੰ ਮਿਲਦੇ ਸਨ। ਸਾਰਾ ਟੱਬਰ ਹੀ ਬੱਸਾਂ ਤੇ ਜਾਂਦਾ ਵਿਆਹ। ਅੱਗੇ ਅੱਡੇ ਤੋਂ ਲੈਣ ਆਉਂਦੇ ਮਾਮੇ ਵਰਗੇ। ਗਰੀਬ ਅਮੀਰ ਦੇ ਹਲਵਾਈ ਜ਼ਰੂਰ ਬੈਠਦਾ। ਬੱਸ ਮਿਠਾਈ ਖਾਣ ਦਾ ਅਤੇ ਹਾਣੀਆਂ ਨਾਲ ਖੇਡਣ ਦਾ ਚਾਅ ਹੁੰਦਾ ਸੀ।

ਵੱਡੇ ਮਾਮੇ ਕੁੰਦਨ ਦੇ ਵੱਡੇ ਮੁੰਡੇ ਓਮ ਪ੍ਰਕਾਸ਼ ਦਾ ਵਿਆਹ ਸੀ ਸਾਰੇ ਓਮੀ ਹੀ ਆਖਦੇ ਸਨ ਉਸਨੂੰ। ਜੰਞ ਫਤੇਹਾਬਾਦ ਦੇ ਨਾਲਦੇ ਪਿੰਡ ਬੀਗੜ੍ਹ ਜਾਣੀ ਸੀ। ਪਾਪਾ ਜੀ ਅਤੇ ਮਾਸੜ ਰੌਣਕ ਨੇ ਦਿਨੇ ਹੀ ਮੂੰਹ ਕਰਾਰਾ ਕਰਨਾ ਸ਼ੁਰੂ ਕਰ ਦਿੱਤਾ ਨਾਲਦੇ ਨੋਹਰੇ ਚ। ਇਹ ਦੋਨੋ ਹੀ ਵੱਡੇ ਜਵਾਈ ਸਨ ਪੀਣ ਵਾਲੇ। ਹਾਂ ਆਉਂਦੇ ਜਾਂਦੇ ਮੇਰੇ ਦੂਜੇ ਮਾਮੇ ਵੀ ਹਾੜਾ ਲਾ ਜਾਂਦੇ। ਵੱਡੇ ਮਾਸੜ ਬਲਵੰਤ ਨੂੰ ਛੱਡਕੇ ਬਾਕੀ ਸਾਰੇ ਚੋਰੀਓ ਘੁੱਟ ਲਾਉਣ ਵਾਲੇ ਸਨ। ਖੈਰ ਬਰਾਤ ਚੱਲਣ ਤੋਂ ਪਹਿਲਾਂ ਹੀ ਇਹਨਾਂ ਨੇ ਖਰੀ ਕਰਨੀ ਸ਼ੁਰੂ ਕਰ ਦਿੱਤੀ। ਪਾਪਾ ਜੀ ਬਾਹਲਾ ਰੌਲਾ ਨਹੀਂ ਸੀ ਪਾਉਂਦੇ। ਪ੍ਰੰਤੂ ਮਾਸੜ ਰੌਣਕ ਦਾ ਰਿਕਾਰਡ ਸੀ। ਮਜ਼ਾਲ ਹੈ ਕਦੇ ਉਸਨੇ ਟੁੱਟਣ ਦਿੱਤਾ ਹੋਵੇ। ਖੋਰੇ ਉਸ ਦੀ ਕਪੈਸਟੀ ਘੱਟ ਸੀ। ਅਗਲੇ ਦਿਨ ਸ਼ਾਮੀ ਜਦੋਂ ਬੱਸ ਚੱਲੀ ਤਾਂ ਪਾਪਾ ਜੀ ਤੇ ਮਾਸੜ ਜੀ ਟੱਲੀ ਸਨ। ਉਂਜ ਤਾਂ ਸੌਂਫੀ ਵੀ ਕੋਈ ਨਹੀਂ ਸੀ। ਸਭ ਤੇ ਦਾਰੂ ਦਾ ਪ੍ਰਭਾਵ ਨਜ਼ਰ ਆਉਦਾ ਸੀ। ਮਾਸੜ ਨੇ ਬੱਸ ਚ ਬੈਠਦੇ ਨੇ ਹੀ ਆਪਣਾ ਕੰਮ ਸ਼ੁਰੂ ਕਰ ਦਿੱਤਾ ਤੇ ਸਾਰੇ ਰਸਤੇ ਰੌਲਾ ਪਾਉਂਦਾ ਗਿਆ। ਉਸ ਦਾ ਸਪੀਕਰ ਵੀ ਵੱਡਾ ਸੀ ਤੇ ਬੇਗੂ ਵਾਲਿਆਂ ਦੀ ਬੋਲੀ ਵੀ ਵੱਖਰੀ ਹੁੰਦੀ ਹੈ। ਚਾਹੇ ਮੇਰਾ ਕੋਈ ਵੀ ਮਾਮਾ ਅੱਗੋਂ ਨਹੀਂ ਕੁਸਕਿਆ ਪ੍ਰੰਤੂ ਮਾਸੜ ਨੇ ਮੇਰੇ ਨਾਨੇ ਸਮੇਤ ਕਿਸੇ ਨੂੰ ਨਹੀਂ ਬਖਸ਼ਿਆ। ਫਤੇਹਾਬਾਦ ਤੋਂ ਬੀਗੜ੍ਹ ਜਾਂਦੇ ਕੱਚੇ ਰਸਤੇ ਤੇ ਜਦੋਂ ਬੱਸ ਹੋਲੀ ਸੀ ਤਾਂ ਮੇਰੇ ਸਭ ਤੋਂ ਨਿੱਕੇ ਮਾਮੇ ਦਾ ਸਬਰ ਦਾ ਪਿਆਲਾ ਛਲਕ ਗਿਆ ਤੇ ਉਸਨੇ ਚਲਦੀ ਬੱਸ ਤੋਂ ਛਾਲ ਮਾਰ ਦਿੱਤੀ। 'ਲਾਲਾ' 'ਲਾਲਾ' ਹੋਗੀ ਬੱਸ ਚ। ਉਸ ਤੇ ਜਵਾਨੀ ਸੀ ਤੇ ਉਹ ਓਦੋਂ ਅਜੇ ਕੰਵਾਰਾ ਸੀ। ਉਹ ਕਿਸੇ ਨੂੰ



ਚੂੱਪ ਨਹੀਂ ਕਰਵਾ ਸਕਦਾ ਸੀ ਪ੍ਰੰਤੂ ਉਸ ਦੀ ਇਸ ਕਾਰਵਾਈ ਨੇ ਸਭ ਦਾ ਧਿਆਨ ਡਾਈਵਰਟ ਕਰ ਦਿੱਤਾ।

ਲੜਕੀ ਵਾਲਿਆਂ ਦੇ ਪਿੰਡ ਜਾਕੇ ਵੀ ਇਹਨਾਂ ਨੇ ਪੂਰਾ ਜਲੂਸ ਕੱਢਿਆ। ਮੇਰੇ ਮਾਮੇ ਦੇ ਕੁੜਮ ਦਾ ਨਾਮ ਗੁਰਦਿੱਤਾ ਸੀ ਸ਼ਾਇਦ। ਕਿਉਂਕਿ ਮੈਂ ਸੇਹਰੇ ਵਿਚੋਂ ਪੜ੍ਹਿਆ ਸੀ। ਮੁੰਡੇ ਦੇ ਵਿਆਹ ਵੇਲੇ ਸੇਹਰੇ ਛਪਵਾਉਣ ਦਾ ਰਿਵਾਜ਼ ਸੀ।

ਕੁੜੀ ਦੇ ਪਰਿਵਾਰ ਵੱਲੋਂ ਸਿੱਖਿਆ ਬੋਲੀ ਜਾਂਦੀ ਸੀ। ਉਹਨਾਂ ਨੇ ਘਰ ਮੂਹਰੇ ਬਣੇ ਦਰਵਾਜੇ ਵਿੱਚ ਫੋਲਡਿੰਗ ਕੁਰਸੀਆਂ ਮੇਜ਼ ਲਗਾਕੇ ਬਰਾਤ ਨੂੰ ਰਾਤ ਦੀ ਰੋਟੀ ਖਵਾਈ ਗਈ। ਰੋਟੀ ਖਾਂਦੇ ਨੇ ਮੈਂ ਅਚਾਰ ਦੀ ਮੰਗ ਰੱਖ ਦਿੱਤੀ ਜੋ ਪੂਰੀ ਨਾ ਹੋਈ। ਪ੍ਰੰਤੂ ਫਿਰ ਵੀ ਰੋਟੀ ਵਧੀਆ ਲੱਗੀ। ਖੋਰੇ ਭੁੱਖ ਲੱਗੀ ਸੀ। ਸਵੇਰੇ ਤਿੰਨ ਕੁ ਵਜੇ ਫੇਰੇ ਹੋਏ। ਸਾਰੇ ਬਰਾਤੀ ਫੇਰਿਆਂ ਤੇ ਨਾਲ ਬੈਠੇ ਰਹੇ। ਸ਼ਾਇਦ ਲਾਲਪਰੀ ਦਾ ਅਸਰ ਸੀ। ਮਾਸੀ ਨਿੱਕੀ ਦਾ ਵੱਡਾ ਜਵਾਈ ਬਲਬੀਰ ਸਰਵਾਲਾ ਬਣਾਇਆ ਸੀ। ਉਸਨੇ ਨਾਲ ਬਹਿਕੇ ਫੇਰੇ ਮੁਕੰਮਲ ਕਰਵਾਏ। ਬਾਕੀ ਇਹਨਾਂ ਸਾਰੇ ਸਹੁਰੇ ਜਵਾਈਆਂ ਤੇ ਚਾਚੇ ਭਤੀਜਿਆਂ ਦੀ ਆਪਿਸ ਚ ਬੁੱਕਲ ਖੁੱਲ੍ਹੀ ਸੀ ਹਾਸੇ ਠੱਠੇ ਮਜ਼ਾਕ ਦਾ ਕੋਈ ਗੁੱਸਾ ਨਹੀਂ ਸੀ ਕਰਦਾ। ਮੇਰੇ ਪੰਜ ਮਾਮੇ, ਚਾਰ ਮਾਸੜ, ਤਿੰਨ ਚਾਰ ਓਹਨਾ ਦੇ ਭਤੀਜੇ ਸਾਰੇ ਇੱਕੋ ਜਿਹੇ। ਮੇਰਾ ਨਾਨੇ ਦਾ ਪਰਿਵਾਰ ਇੱਕ ਵਿਰਾਟ ਦਰੱਖਤ ਵਰਗਾ ਸੀ। ਦਸ ਜੁਆਕ ਆਵਦੇ ਤੇ ਦੋ ਧੀਆਂ ਸ਼ਰੀਕੇ ਦੀਆਂ, ਮਾਸੀ ਆਸੋ ਤੇ ਬੱਸੀ। ਇਹ ਅਜੇ ਤੱਕ ਵੀ ਉਹਨਾਂ ਨਾਲ ਵਰਤਦੇ ਹਨ। ਬਿਨਾਂ ਆਪਸੀ ਲੜਾਈ ਝਗੜੇ ਗੁੱਸੇ ਗਿਲੇ ਦੇ ਵਿਆਹ ਮੁਕੰਮਲ ਨਹੀਂ ਸੀ ਮੰਨਿਆ ਜਾਂਦਾ। ਜੇ ਕੋਈ ਹੋਰ ਬਹਾਨਾ ਨਾ ਮਿਲਦਾ ਤਾਂ ਮਿਠਾਈ ਅਤੇ ਨਿਉਂਦੇ ਦੇ ਦੇਣ ਲੈਣ ਨੂੰ ਬਹਾਨਾ ਬਣਾ ਲੈਂਦੇ।



**ਰਮੇਸ ਸੇਠੀ ਬਾਦਲ**
**9876627233**

# ਡੇਟਨ ਅਤੇ ਸਿਨਸਿਨਾਟੀ ਵਿਖੇ ਸਾਲਾਨਾ "ਸਿੱਖ ਯੂਥ ਸਿਮਪੋਜ਼ੀਅਮ 2026" ਦਾ ਆਯੋਜਨ





**ਵਲੋਂ: ਸਮੀਪ ਸਿੰਘ ਗੁਮਟਾਲਾ**

ਡੇਟਨ/ਸਿਨਸਿਨਾਟੀ, ਓਹਾਇਓ (4 ਮਈ, 2026): ਬੀਤੇ ਦਿਨੀਂ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਅਤੇ ਸਿਨਸਿਨਾਟੀ ਵਿਖੇ ਸਿੱਖ ਨੌਜਵਾਨਾਂ ਨੇ 'ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ' (ਸਿਆਨਾ) ਸੰਸਥਾ ਦੀ ਅਗਵਾਈ ਹੇਠ ਕਰਵਾਏ ਜਾਂਦੇ ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2026 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲਿਆਂ ਵਿੱਚ ਭਰਵੀਂ ਸ਼ਮੂਲੀਅਤ ਕੀਤੀ।

ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਨੁਸਾਰ ਇਹ ਸਾਲਾਨਾ ਪ੍ਰੋਗਰਾਮ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ 6 ਤੋਂ 22 ਸਾਲ ਦੀ ਉਮਰ ਦੇ ਸਿੱਖ ਬੱਚਿਆਂ ਅਤੇ ਨੌਜਵਾਨਾਂ ਵਿੱਚ ਗੁਰਮਤਿ ਨੂੰ ਸਮਝਣ, ਵਿਚਾਰ ਕਰਨ, ਅਤੇ ਭਾਸ਼ਣ ਦੀ ਕਲਾ ਨੂੰ ਉਭਾਰਨ ਦੇ ਉਦੇਸ਼ ਨਾਲ ਕਰਵਾਏ ਜਾਂਦੇ ਹਨ।

ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਵਰਗਾਂ ਵਿਚ ਵੰਡਿਆ ਜਾਂਦਾ ਹੈ ਅਤੇ ਹਰੇਕ ਗਰੁੱਪ ਨੂੰ ਕੁਝ ਮਹੀਨੇ ਪਹਿਲਾਂ ਇੱਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਜਾਂਦੇ ਹਨ। ਭਾਗੀਦਾਰ ਗੁਰਮਤਿ ਸਿਧਾਂਤਾਂ ਅਤੇ ਸਿੱਖ ਇਤਿਹਾਸ ਦੇ ਆਧਾਰ 'ਤੇ ਇਹਨਾਂ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਦੇ ਭਾਸ਼ਣ ਰਾਹੀਂ ਪੇਸ਼ ਕਰਦੇ ਹਨ।

ਸਾਲ 2026 ਦੇ ਸਿਮਪੋਜ਼ੀਅਮ ਲਈ ਨਿਰਧਾਰਿਤ ਪਾਠਕ੍ਰਮ ਵਿੱਚ ਗਰੁੱਪ 1 ਲਈ "ਮਾਈ ਗੁਰੂਜ਼ ਬਲੈਸਿੰਗਜ਼ - ਬੁੱਕ 6", ਗਰੁੱਪ 2 ਲਈ "ਦੀ ਵਾਰੀਅਰ ਪ੍ਰਿੰਸੈਸ - ਪਾਰਟ 2", ਗਰੁੱਪ 3 ਲਈ "ਟੀਚਿੰਗ ਸਿੱਖ ਹੈਰੀਟੇਜ ਟੂ ਦੀ ਯੂਥ" ਅਤੇ ਗਰੁੱਪ 4 ਲਈ "ਦੀ ਮੈਸੇਜ ਆਫ ਗੁਰਬਾਣੀ" ਪੁਸਤਕਾਂ ਦਿੱਤੀਆਂ ਗਈਆਂ। ਹਰ ਸਾਲ ਵਾਂਗ ਪ੍ਰੋਗਰਾਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਕੀਤੀ ਗਈ। ਪ੍ਰਤੀਯੋਗੀਆਂ ਨੇ ਬਹੁਤ ਹੀ ਆਤਮ-ਵਿਸ਼ਵਾਸ ਅਤੇ ਸਪੱਸ਼ਟਤਾ ਨਾਲ ਆਪਣੇ ਭਾਸ਼ਣ ਪੇਸ਼ ਕੀਤੇ।

ਸੇਵਾਦਾਰ ਅਸੀਸ ਕੌਰ ਨੇ ਦੱਸਿਆ ਕਿ ਸਿਮਪੋਜ਼ੀਅਮ ਦੀ ਤਿਆਰੀ ਲਈ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ, ਜਿੱਥੇ ਬੱਚਿਆਂ ਨੂੰ ਭਾਸ਼ਣ ਕਲਾ ਅਤੇ ਕਿਤਾਬਾਂ ਵਿੱਚ ਦਰਜ ਗੁਰਮਤਿ ਦੇ ਸੰਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਦਾ ਹੈ। ਸਮਾਗਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਨੂੰ ਉਹਨਾਂ ਦੀ ਮਿਹਨਤ ਅਤੇ ਸਮਰਪਣ ਲਈ ਪੁਰਸਕਾਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਹੁਣ ਡੇਟਨ, ਸਿਨਸਿਨਾਟੀ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਦੇ ਸਥਾਨਕ ਪੱਧਰ ਦੇ ਜੇਤੂ ਅਗਲੇ ਪੜਾਅ ਵਿੱਚ ਹਿੱਸਾ ਲੈਣਗੇ। ਓਹਾਇਓ ਅਤੇ ਪੈਨਸਿਲਵੇਨੀਆ ਸੂਬਿਆਂ ਦਾ ਰੀਜਨਲ (ਖੇਤਰੀ) ਪੱਧਰੀ ਸਿਮਪੋਜ਼ੀਅਮ 16 ਮਈ 2026 ਨੂੰ ਸਿੱਖ ਸੋਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਜਾਵੇਗਾ, ਜਿੱਥੇ ਵੱਖ-ਵੱਖ ਸ਼ਹਿਰਾਂ ਤੋਂ ਆਏ ਭਾਗੀਦਾਰ ਸਿੱਖੀ, ਸਿੱਖ ਇਤਿਹਾਸ ਅਤੇ ਗੁਰਮਤਿ ਵਿਚਾਰਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ।

**ਸਮੀਪ ਸਿੰਘ ਗੁਮਟਾਲਾ**
**ਓਹਾਇਓ, ਅਮਰੀਕਾ**
**+1-937-654-8873**

# ਮਾਲਵਾ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ

## ਮਜ਼ਦੂਰ ਸੰਘਰਸ਼ ਨੂੰ ਪੰਜਾਬ ਦੇ ਜੁਝਾਰੂ ਵਿਰਸੇ ਨਾਲ ਜੋੜਨਾ ਲਾਜ਼ਮੀ: ਡਾ. ਕੱਲਰਮਾਜਰੀ











**ਸੰਗਰੂਰ, 4 ਮਈ (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਆਪਣਾ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ 'ਮਜ਼ਦੂਰ ਵਰਗ ਦਾ ਵਰਤਮਾਨ ਅਤੇ ਭਵਿੱਖ' ਵਿਸ਼ੇ ਉੱਪਰ ਗੋਸ਼ਟੀ ਕਰਵਾਈ ਗਈ।

ਇਸ ਸਮਾਗਮ ਦੀ ਪ੍ਰਧਾਨਗੀ ਡਾ. ਸੰਤੋਖ ਸਿੰਘ ਸੁੱਖੀ ਨੇ ਕੀਤੀ ਅਤੇ ਡਾ. ਗੁਰਮੀਤ ਸਿੰਘ ਕੱਲਰਮਾਜਰੀ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਸ਼ਿਕਾਗੋ ਦੇ ਸ਼ਹੀਦਾਂ ਦੀ ਵਿਸਥਾਰ ਸਹਿਤ ਚਰਚਾ ਕਰਦਿਆਂ ਡਾ. ਗੁਰਮੀਤ ਸਿੰਘ ਕੱਲਰਮਾਜਰੀ ਨੇ ਕਿਹਾ ਕਿ ਮਜ਼ਦੂਰ ਸੰਘਰਸ਼ ਨੂੰ ਪੰਜਾਬ ਦੇ ਜੁਝਾਰੂ ਵਿਰਸੇ ਨਾਲ ਜੋੜਨਾ ਲਾਜ਼ਮੀ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਨਾਨਕ, ਗੁਰੂ ਰਵਿਦਾਸ ਅਤੇ ਸੰਤ ਕਬੀਰ ਹੀ ਸਾਡੇ ਅਸਲੀ ਨਾਇਕ ਹੋ ਸਕਦੇ ਹਨ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਸੰਤੋਖ ਸਿੰਘ ਸੁੱਖੀ ਨੇ ਕਿਹਾ ਕਿ ਮਜ਼ਦੂਰ ਜਮਾਤ ਨੂੰ ਹਰ ਤਰ੍ਹਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ ਵਿਆਪਕ ਲੋਕ-ਲਹਿਰ ਦੀ ਉਸਾਰੀ ਕਰਨੀ ਚਾਹੀਦੀ ਹੈ। ਡਾ. ਮਨੀਸ਼ਾ ਰਾਣੀ ਨੇ ਆਪਣੀ ਮਿੰਨੀ-ਕਹਾਣੀ ਸੁਣਾਉਂਦੇ ਹੋਏ ਕਿਹਾ ਕਿ ਮਜ਼ਦੂਰ ਵਰਗ ਦਾ ਭਵਿੱਖ ਸਿੱਖਿਆ ਰਾਹੀਂ ਹੀ ਬਦਲਿਆ ਜਾ ਸਕਦਾ ਹੈ। ਇਸ ਮੌਕੇ ਜਸਪ੍ਰੀਤ ਕੌਰ ਜੱਸੂ ਦੀ ਵਾਰਤਕ ਦੀ ਪੁਸਤਕ 'ਦੁਨੀਆਂ ਦੀਆਂ ਕੁੱਝ ਜੁਝਾਰੂ ਔਰਤਾਂ' ਲੋਕ ਅਰਪਣ ਕੀਤੀ ਗਈ।

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

ਉਪਰੰਤ ਭੋਲਾ ਸਿੰਘ ਸੰਗਰਾਮੀ ਦੇ ਇਨਕਲਾਬੀ ਗੀਤ ਨਾਲ ਸ਼ੁਰੂ ਹੋਏ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵਿੱਚ ਪਵਨ ਕੁਮਾਰ ਹੋਸ਼ੀ, ਗੁਰਮੁਖ ਸਿੰਘ ਦਿਲਬਰ, ਅਮਨ ਜੱਖਲਾਂ, ਸੁਖਵਿੰਦਰ ਸਿੰਘ ਲੋਟੇ, ਜੰਗੀਰ ਸਿੰਘ ਰਤਨ, ਰਜਿੰਦਰ ਸਿੰਘ ਰਾਜਨ, ਕਰਮ ਸਿੰਘ ਜ਼ਖ਼ਮੀ, ਹਨੀ ਸੰਗਰਾਮੀ, ਸੁਰਿੰਦਰਪਾਲ ਸਿੰਘ ਸਿਦਕੀ, ਗੁਰੀ ਚੰਦੜ, ਸ਼ਿਵ ਕੁਮਾਰ ਅੰਬਾਲਵੀ, ਧਰਮਵੀਰ ਸਿੰਘ, ਮੁਖਤਿਆਰ ਅਲਾਲ, ਸੁਖਨਦੀਪ ਕੌਰ, ਬੱਲੀ ਬਲਜਿੰਦਰ ਈਲਵਾਲ, ਕਪਿਲ ਦੇਵ, ਰਣਦੀਪ ਸਿੰਘ, ਗੁਰਸ਼ਰਨ ਸਿੰਘ, ਹਰਮਨਪ੍ਰੀਤ ਸਿੰਘ, ਪੇਂਟਰ ਸੁਖਦੇਵ ਧੂਰੀ, ਜਗਸੀਰ ਸਿੰਘ ਮੂਲੋਵਾਲ, ਗੋਬਿੰਦਰ ਸਿੰਘ ਮੰਗਵਾਲ, ਰਣਦੀਪ ਸਿੰਘ, ਧਰਮਪ੍ਰੀਤ ਸਿੰਘ, ਦੇਵਿੰਦਰਪਾਲ ਸਿੰਘ, ਲਕਸ਼ਵੀਰ ਸ਼ਰਮਾ, ਖੁਸ਼ਪ੍ਰੀਤ ਕੌਰ, ਰਾਜਦੀਪ ਸਿੰਘ, ਪਰਮਿੰਦਰ ਸਿੰਘ, ਡਾ. ਗੁਰਮੀਤ ਸਿੰਘ ਕੱਲਰਮਾਜਰੀ, ਡਾ. ਸੰਤੋਖ ਸਿੰਘ ਸੁੱਖੀ, ਜਸਪ੍ਰੀਤ ਕੌਰ ਜੱਸੂ, ਪਰਮਜੀਤ ਕੌਰ, ਕੁਲਵਿੰਦਰ ਸਿੰਘ, ਹਰਮਨਪ੍ਰੀਤ ਸਿੰਘ, ਹਰਨਾਰਾਇਣ ਸਿੰਘ ਲਹਿਰੀ, ਨਿਰਮਲ ਸਿੰਘ ਭੈਣੀ, ਜੱਗੀ ਮਾਨ, ਗੋਬਿੰਦ ਸਿੰਘ ਤੂਰਬਨਜਾਰਾ, ਕਰਨ ਭੀਖੀ, ਸਾਹਿਬਦੀਪ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਮਨੀਸ਼ਾ ਰਾਣੀ, ਭੁਪਿੰਦਰ ਨਾਗਪਾਲ, ਜਸਵੀਰ ਮੰਡੇਰ, ਬਲਵੰਤ ਕੌਰ ਘਨੌਰੀ ਕਲਾਂ, ਸਰਦਾਰਾ ਸਿੰਘ, ਲਾਭ ਸਿੰਘ ਝੱਮਟ, ਗੁਰਜੰਟ ਬੀਂਬੜ ਅਤੇ ਕੁਲਵੰਤ ਖਨੌਰੀ ਆਦਿ ਕਵੀਆਂ ਨੇ ਹਿੱਸਾ ਲਿਆ। ਸੁਖਵਿੰਦਰ ਸਿੰਘ ਲੋਟੇ ਵੱਲੋਂ ਹਰ ਵਾਰ ਦੀ ਤਰ੍ਹਾਂ ਕਵਿਤਾ ਸਕੂਲ ਦੀ ਸਿਖਲਾਈ ਜਾਰੀ ਰੱਖੀ ਗਈ। ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਨਾਂ ਵਿੱਚ ਕੀ ਰੱਖਿਆ !

ਰਾਜਨੀਤੀਕ ਆਗੂ ਆਮ ਤੌਰ 'ਤੇ ਆਪਣੀ ਵਿਰੋਧੀ ਪਾਰਟੀਆਂ ਅਤੇ ਸਿਆਸੀ ਵਿਰੋਧੀਆਂ ਦੇ ਲਈ ਅਭੱਧਰ ਭਾਸ਼ਾ ਜਾਂ ਵਿਅੰਗਮਈ ਸ਼ਬਦ ਵਰਤਦੇ ਰਹਿੰਦੇ ਹਨ ਤੇ ਇਹ ਸਭ ਉਨ੍ਹਾਂ ਲਈ ਜਾਇਜ਼ ਵੀ ਮੰਨਿਆ ਜਾਂਦਾ ਹੈ। ਮਾਫ਼ ਹੁੰਦਾ ਹੈ ਉਨ੍ਹਾਂ ਲਈ। ਕਿਉਂਕਿ ਉਨ੍ਹਾਂ ਦਾ ਪੇਸ਼ਾ ਹੀ ਇਹ ਹੈ। ਵਿਰੋਧ ਕਰਨਗੇ ਤਾਂ ਹੀ ਚਮਕਣਗੇ।

ਪਰ ਜਦੋਂ ਕੋਈ ਆਮ ਬੰਦਾ ਖਾਸ ਕਰ ਪੱਤਰਕਾਰੀ (ਜਿਸ ਦੀ ਨੀਂਹ ਹੀ ਨਿਰਪੱਖਤਾ ਉੱਤੇ ਟਿਕੀ ਹੈ) ਦੇ ਖੇਤਰ/ਪੇਸ਼ੇ ਵਾਲਾ, ਕਿਸੇ ਇੱਕ ਪਾਰਟੀ ਜਾਂ ਖਾਸ ਨੇਤਾ ਦੇ ਲਈ ਭਾਸ਼ਾ ਦੀ ਮਰਿਆਦਾ ਨੂੰ ਭੁੱਲ ਕੇ ਇਹੋ ਜਿਹੇ ਸ਼ਬਦ ਵਰਤਦਾ ਹੈ ਤਾਂ ਗੱਲ ਕਰਨੀ ਲਾਜ਼ਮੀ ਹੈ।

ਆਮ ਆਦਮੀ ਪਾਰਟੀ ਜਿਹੜੀ ਕਿ ਸੱਤਾ ਵਿੱਚ ਆਈ ਹੀ ਇਸ ਮਨੋਰਥ ਅਤੇ ਮਕਸਦ ਤਹਿਤ ਸੀ ਕਿ ਉਹ ਸਮਾਜ ਅਤੇ ਸਿਆਸਤ ਵਿੱਚ ਫੈਲੀ ਗੰਦਗੀ ਨੂੰ ਸਾਫ ਕਰੇਗੀ। ਇਸੇ ਕਰਕੇ ਉਨ੍ਹਾਂ ਨੇ ਆਪਣਾ ਚੋਣ ਨਿਸ਼ਾਨ ਵੀ ਝਾੜੂ ਹੀ ਰੱਖਿਆ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਨੂਵਾਦੀਆਂ ਵੱਲੋਂ ਝਾੜੂ ਨੂੰ ਸਾਡੇ ਸਮਾਜ ਵਿਚਲੇ 'ਇੱਕ ਖਾਸ ਵਰਗ ਜਾਂ ਭਾਈਚਾਰੇ' ਦੇ ਚਿੰਨ ਵਜੋਂ ਵੀ ਵੇਖਿਆ ਜਾਂਦਾ ਰਿਹਾ ਹੈ।

ਮੁੱਦੇ ਦੀ ਗੱਲ ਕਰੀਏ ਤਾਂ ਵਿਰੋਧੀ ਪਾਰਟੀਆਂ ਅਨੁਸਾਰ ਆਪ ਪਾਰਟੀ ਜਿਸ ਮਕਸਦ ਤਹਿਤ ਸੱਤਾ ਵਿੱਚ ਆਈ, ਉਹਦੇ 'ਤੇ ਉਹ ਪੂਰੀ ਨਹੀਂ ਉੱਤਰ ਪਈ। ਇਸ ਕਰਕੇ ਮਜ਼ਾਕ ਜਾਂ ਛੇੜ ਦੇ ਤੌਰ ਤੇ ਉਨ੍ਹਾਂ ਨੇ ਇਸ ਦਾ ਨਾਮ ਹੀ ਝਾੜੂ ਪਾਰਟੀ ਰੱਖ ਲਿਆ। ਕੋਈ ਕੂਚੀ ਪਾਰਟੀ ਕਹਿਣ ਲੱਗਾ ਤੇ ਕੋਈ ਬੌਕਰ ਜਾਂ ਪੋਚਾ ਪਾਰਟੀ। ਖੈਰ,

"ਉਨ ਕਾ ਕਾਮ ਹੈ ਕਹਨਾ, ਕਹਨੇ ਦੋ, ਕੁਛ ਤੋ ਕਹੇਂਗੇ ਹੀ"।

ਪਰ ਉਨ੍ਹਾਂ ਦੀ ਰੀਸੋ-ਰੀਸ ਕੁਝ ਪੱਤਰਕਾਰ ਅਤੇ ਹੋਰ ਲੋਕ ਵੀ ਇਸ ਪਾਰਟੀ ਨੂੰ ਇਹਨਾਂ ਨਾਵਾਂ ਨਾਲ ਸੰਬੋਧਿਤ ਕਰਨ ਲੱਗੇ। ਜੇ ਇਹੀ ਗੱਲ ਹੈ ਅਤੇ ਇਹ ਕਹਿਣਾ ਜਾਇਜ਼ ਹੈ ਤਾਂ ਥੋੜਾ ਜਿਹਾ ਉਨ੍ਹਾਂ ਵਲੌਗਰਾਂ ਅਤੇ ਪੱਤਰਕਾਰਾਂ ਦੀ ਜਾਣਕਾਰੀ ਵਿੱਚ ਵਾਧਾ ਕਰਦੇ ਹੋਏ ਇੱਕ ਨਜ਼ਰ ਬਾਕੀ ਪਾਰਟੀਆਂ ਦੇ ਚੋਣ ਨਿਸ਼ਾਨਾਂ ਤੇ' ਵੀ ਮਾਰ ਲਈ ਜਾਵੇ।

ਪੰਜਾਬ ਵਿੱਚ ਇਸ ਵੇਲੇ ਮੁੱਖ ਤੌਰ ਤੇ ਆਮ ਆਦਮੀ ਪਾਰਟੀ ਤੋਂ ਇਲਾਵਾ ਚਾਰ ਹੋਰ ਪਾਰਟੀਆਂ ਕਾਂਗਰਸ, ਅਕਾਲੀ ਦਲ ਬਾਦਲ, ਭਾਜਪਾ ਅਤੇ ਵਾਰਿਸ ਪੰਜਾਬ ਦੇ ਦਾ ਬੋਲਬ-ਾਲਾ ਹੈ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਦੀ। ਪੁਰਾਣੇ ਜਾਣਕਾਰਾਂ ਤੇ ਇਤਿਹ-ਾਸ ਮੁਤਾਬਕ ਕਾਂਗਰਸ ਜਾਣੀ ਪੰਜੇ ਵਾਲੇ ਪਾਰਟੀ 47 ਦੀ ਵੰਡ ਅਤੇ ਇਸ ਦੌਰਾਨ ਹੋਏ ਦੰਗਿਆਂ ਲਈ ਜ਼ਿੰਮੇਵਾਰ ਹੈ। 84 ਵਿੱਚ ਘੱਟ ਗਿਣਤੀ ਸਿੱਖਾਂ ਦੀ ਵੱਢ-ਟੁੱਕ ਤੇ ਕਤਲੇਆਮ ਵੀ ਇਸੇ ਦੀ ਦੇਣ ਹੈ। ਇਸ ਕਰਕੇ ਖੂਨੀ ਪੰਜੇ ਵਾਲੇ ਕਹਿਣ ਵਿੱਚ ਕੋਈ ਹਰਜ ਨੀ ਹੋਣਾ ਚਾਹੀਦਾ।

ਬਾਦਲਕੇ ਆਪਣੇ ਚੋਣ ਨਿਸ਼ਾਨ ਤੱਕੜੀ ਨਾਲ ਚਿੱਟਾ ਤੇ ਹੋਰ ਨਸ਼ਾ ਤੋਲਦੇ ਰਹੇ। ਇਸ ਲਈ ਚਿੱਟੀ ਵਾਲੇ ਕਹਿ ਸਕਦੇ ਹਾਂ। ਭਗਵੇਂ ਜਾਣੀ ਭਾਜਪਾਈਆਂ ਨੇ ਬਾਕੀ ਪਾਰਟੀਆਂ ਦਾ ਸਾਰਾ ਗੰਦ ਤੇ ਕਚਰਾ ਆਪਣੇ ਕਮਲ ਦੇ ਫੁੱਲਾਂ ਵਾਲੇ ਤਲਾਬ ਵਿੱਚ ਭਰ ਲਿਆ ਹੈ। ਇਸ ਲਈ ਲਿੱਬੜੇ ਜਾਂ ਗੰਦੇ ਵਾਲੇ ਕਹਿ ਸਕਦੇ ਹਾਂ। ਹੋਰ ਦੱਸੋ। ਰਹਿ ਗਈ ਨਵੀਂ ਪਾਰਟੀ ਵਾਰਸ ਪੰਜਾਬ ਦੇ, ਜਿਨ੍ਹਾਂ ਨੂੰ ਵਿਰੋਧੀ ਪਹਿਲਾਂ ਹੀ ਵਾਇਰਸ ਪੰਜਾਬ ਦੇ ਕਹਿੰਦੇ ਹਨ। ਡੂੰਘੀ ਸਿਆਸੀ ਸੂਝ ਵਾਲੇ ਤਾਂ ਇਹ ਕਹਿ ਰਹੇ ਨੇ ਕਿ ਉਨ੍ਹਾਂ ਦੀ ਵੀ ਭਾਜਪਾ ਦੇ ਤਲਾਬ ਵਿਚਲੇ ਕਮਲ ਨੂੰ ਹੀ ਪਾਣੀ ਦੇ ਰਹੀ ਹੈ।



**ਗੁਰਜਿੰਦਰ ਸਿੰਘ ਸਾਹਦੜਾ**

# ਪੰਜਾਬੀ ਸਾਹਿਤ ਸਭਾ ਧੂਰੀ ਵੱਲੋਂ ਸਾਹਿਤਕ ਗੀਤ " ਜ਼ਿੰਦਗੀ ਦੀ ਸ਼ਾਮ " ਲੋਕ ਅਰਪਣ ਕੀਤਾ ਗਿਆ










**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ਦਾ ਮਹੀਨਾਵਾਰ ਸਾਹਿਤਕ ਸਮਾਗਮ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਬਿਨ੍ਹਾਂ ਕਿਸੇ ਪ੍ਰਧਾਨਗੀ ਮੰਡਲ ਤੋਂ ਕੀਤਾ ਗਿਆ ਜਿਸ ਵਿੱਚ ਪ੍ਰਧਾਨ ਮੂਲ ਚੰਦ ਸ਼ਰਮਾ ਦੁਆਰਾ ਲਿਖਿਆ ਅਤੇ ਵਿਸ਼ਵ ਪੰਜਾਬੀ ਗੀਤਕਾਰ ਅਤੇ ਕਲਾਕਾਰ ਪਰਿਵਾਰ ਵੱਲੋਂ ਰਿਕਾਰਡ ਕੀਤਾ ਸਾਹਿਤਕ ਗੀਤ " ਜ਼ਿੰਦਗੀ ਦੀ ਸ਼ਾਮ " ਲੋਕ ਅਰਪਣ ਕੀਤਾ ਗਿਆ , ਪ੍ਰਸਿੱਧ ਗ਼ਜ਼ਲਗੋ ਰਣਜੀਤ ਸਿੰਘ ਧੂਰੀ ਦੀ ਵਾਰਤਕ ਪੁਸਤਕ " ਵਿਹਾਰਕ ਪੰਜਾਬੀ ਵਿਆਕਰਨ ਅਤੇ ਸਾਹਿਤ ਰਚਨਾ " ਉੱਪਰ ਗੋਸ਼ਟੀ ਕੀਤੀ ਗਈ , ਛੰਦ ਸ਼ਾਸਤਰੀ ਤੇ ਭਾਸ਼ਾ ਮਾਹਿਰ ਜੰਗ ਸਿੰਘ ਫ਼ੱਟੜ ਵੱਲੋਂ ਕਵਿਤਾ ਸਿਖਲਾਈ ਸਕੂਲ ਦਾ ਪੰਜਵਾਂ ਪਾਠ ਪੜ੍ਹਾਇਆ ਗਿਆ ਅਤੇ ਬੀਬਾ ਅਨੂ ਸਿੰਗਲਾ ਵੱਲੋਂ ਸਭਾ 5100 ਰੁਪਏ ਦੀ ਆਰਥਿਕ ਸਹਾਇਤਾ ਕਰਨ ਬਦਲੇ ਧੰਨਵਾਦ ਕੀਤਾ ਗਿਆ । ਗੋਸ਼ਟੀ ਵਿੱਚ ਵਿਚਾਰ ਅਧੀਨ ਕਿਤਾਬ ਬਾਰੇ ਆਪਣਾ ਪਰਚਾ ਪੜ੍ਹਦਿਆਂ ਡਾ. ਇਕਬਾਲ ਸਿੰਘ ਸਕਰੌਦੀ ਨੇ ਇਸ ਨੂੰ ਸੰਦਰਭ ਗ੍ਰੰਥ ਦਾ ਦਰਜਾ ਦਿੰਦਿਆਂ ਕਿਹਾ ਕਿ ਇਹ ਪੁਸਤਕ ਲੇਖਕਾਂ , ਅਧਿਆਪਕਾਂ ਅਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਲਈ ਬਹੁਤ ਉਪਯੋਗੀ ਸਾਬਤ ਹੋਵੇਗੀ । ਕਵਿਤਾ ਸਕੂਲ ਦੇ ਅਧਿਆਪਕ ਫ਼ੱਟੜ ਸਾਹਿਬ ਵੱਲੋਂ ਦੁਵਈਆ ਛੰਦ ਦੇ ਨਾਲ ਨਾਲ਼ ਬਿੰਦੀ + ਅੱਧਕ = ਟਿੱਪੀ ਬਾਰੇ ਵੀ ਉਦਾਹਰਨਾਂ ਸਹਿਤ ਜਾਣਕਾਰੀ ਦਿੱਤੀ ਗਈ ।

ਮਈ ਮਹੀਨੇ ਵਿੱਚ ਜਨਮੇਂ ਮੈਂਬਰਾਂ ਰਣਜੀਤ ਆਜ਼ਾਦ ਕਾਂਝਲਾ , ਕਰਨਜੀਤ ਸਿੰਘ ਸੋਹੀ ਅਤੇ ਪਰਮਜੀਤ ਸੰਧੂ ਨੂੰ ਮੁਬਾਰਕਬਾਦ ਦਿੰਦਿਆਂ ਸਨਮਾਨਿਤ ਵੀ ਕੀਤਾ ਗਿਆ । ਸਭਾ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮੀਮਸਾ ਦੇ ਮੰਚ ਸੰਚਾਲਨ ਅਤੇ ਮਖ਼ਮਲੀ ਆਵਾਜ਼ ਦੀ ਮਾਲਕ ਕੁਲਵਿੰਦਰ ਕੌਰ ਢਿੱਲੋਂ ਦੁਆਰਾ ਸ਼ੁਰੂ ਕੀਤੇ ਕਵੀ ਦਰਬਾਰ ਵਿੱਚ ਉਕਤ ਮਹਿਮਾਨਾਂ ਤੋਂ ਇਲਾਵਾ ਜਗਦੇਵ ਸ਼ਰਮਾ ਬੁਗਰਾ , ਪ੍ਰਿੰਸੀਪਲ ਸੁਖਜੀਤ ਕੌਰ ਸੋਹੀ , ਕੁਲਵਿੰਦਰ ਕੌਰ ਕਾਜਲ , ਮਨਜੀਤ ਕੌਰ ਸੰਧੂ , ਮਨਪ੍ਰੀਤ ਕੌਰ ਢੀਂਡਸਾ , ਬਲਜਿੰਦਰ ਕੌਰ , ਕਰਮਜੀਤ ਸਿੰਘ , ਮਾਹੀ ਮਰਜਾਣਾ ਗਿੱਦੜਬਾਹਾ , ਗੁਰਦਿਆਲ ਨਿਰਮਾਣ ਧੂਰੀ , ਸੁਖਵਿੰਦਰ ਸਿੰਘ ਸਿਆਣ , ਪਰਦੀਪ ਸਿੰਘ ਢੀਂਡਸਾ , ਹਰਜਿੰਦਰ ਸਿੰਘ ਧਾਂਦਰਾ , ਕੁਲਵੰਤ ਸਿੰਘ ਖਨੌਰੀ , ਜੰਟੀ ਬੇਤਾਬ , ਗੁਰਮੀਤ ਸਿੰਘ , ਪਰਮਾਨੰਦ , ਬਲਜੀਤ ਸਿੰਘ ਬਾਂਸਲ , ਪੇਂਟਰ ਸੁਖਦੇਵ ਸਿੰਘ ਅਤੇ ਡਾ. ਜਗਤਾਰ ਸਿੰਘ ਸਿੱਧੂ ਸ਼ਾਮਲ ਸਨ । ਆਖ਼ਰ ਵਿੱਚ ਸੁਰਿੰਦਰ ਕੁਮਾਰ ਨਾਗਰਾ ਦੀ ਜੀਵਨ ਸਾਥਣ , ਬਰਿੰਦਰ ਮਸੌਣ ਦੀ ਮਾਤਾ ਅਤੇ ਪਾਲੀ ਦੇਤਵਾਲੀਆ ਦੇ ਸਪੁੱਤਰ ਸਮੇਤ ਡਾ. ਅਮਰ ਕੋਮਲ , ਕ੍ਰਿਸ਼ਨ ਬੇਤਾਬ , ਪ੍ਰੀਤ ਸੰਦਲ , ਮੁਮਤਾਜ ਗਿੱਲ ਤੇ ਆਸ਼ਾ ਭੌਂਸਲੇ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ ।





# AMBEDKAR INTERNATIONAL MISSION, LONDON

***Pays Homage to***

## THE GREAT DR BABASAHEB AMBEDKAR

***On the occasion of his 135th Birth Anniversary***

Sunday, 10th May, 2026 From 2 pm (sharp) until 6 pm
At Elmhurst School, Upton Park Road, London, E7 8JY

Sir Stephen Timms MP, Minister of State (Department for Work and Pensions) will be in attendance from 3 pm

The Indian Hign Commission, the Mayor of Newham, and local dignitaries are invited



## HONORARY GUEST

Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.

## SPECIAL TRIBUTE

Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.

**All are cordially invited along with family, friends and relatives**

## Cultural Entertainment

Bhai Tejinder Singh Lallianwale and Giani Onkar Singh
Speeches and Poetry

Lunch (*Langar*) will be strictly served between 12 noon - 1:30 pm only
Mr. Prem Chand Mann's family will provide *Langar* in honour, respect and in memory of Mr. Prem Chand Mann.

## Transport and Parking

- Nearest Underground: Upton Park, District, Hammersmith and City lines.
- The venue is 10 minutes' walk from Upton Park Underground Station
- Free parking at Elmhurst Primary School

Contact:
Tel. 07751-668926

# ਹਾਸ ਵਿਅੰਗ / ਸਾਡੇ ਸੂਬੇ ਦੀਆਂ ਸੜਕਾਂ ਅਤੇ ਟੌਲ-ਪਲਾਜਾ




ਖ਼ਬਰ ਪੜ੍ਹੀ ਕਿ ਲੁਧਿਆਣੇ ਕੋਲੇ ਇੱਕ ਟੋਲ-ਪਲਾਜ਼ਾ ਨੂੰ ਟੋਲ ਲੈਣਾ ਬੰਦ ਕਰਵਾ ਦਿੱਤਾ ਹੈ ਕਿਉਂਕਿ ਉਸ ਨੇ ਅਜੇ ਤਕ ਸੜਕ ਦੀ ਸਾਰ ਨਹੀਂ ਲਈ ਅਤੇ ਲੋਕਾਂ ਦੇ ਕਰੋੜਾ ਰੁਪਈਆਂ ਨੂੰ ਚੂਣਾ ਲਾਈ ਜਾਂਦਾ ਸੀ। ਖ਼ਬਰ ਚੰਗੀ ਹੈ। ਹੋ ਸਕਦਾ ਇਹ ਕੰਮ ਪਹਿਲਾ ਵਾਂਗ ਹੀ ਚੱਲਦਾ ਰਹਿੰਦਾ ਜੇ ਇਲੈੱਕਸ਼ਨ ਸਿਰ ਤੇ ਨਾ ਆਉਂਦੀ। ਚਲੋ,ਕੋਈ 'ਭਲਾ ਪੁਰਸ਼' ਆਪਣੇ ਸਿਰ ਸਿਹਰਾ ਸਜਾਉਣ ਖ਼ਾਤਰ ਲੋਕ-ਹਿਤ ਲਈ ਚੰਗਾ ਕਾਰਜ ਤਾਂ ਕਰ ਗਿਆ।

ਇਹ ਖ਼ਬਰ ਪੜ੍ਹਦਿਆਂ,ਮੈਨੂੰ ਯਾਦ ਆਇਆ ਕਿ ਪਿਛਲੇ ਕਈ ਸਾਲ ਪਹਿਲਾਂ ਵੀ ਇੱਕ ਮੰਤਰੀ ਜੀ ਨੇ ਕਿਹਾ ਸੀ ਕਿ ਸਾਡੇ ਸੂਬੇ ਦੀਆਂ ਸੜਕਾਂ ਤਾਂ ਅਮਰੀਕਾ ਦੇ ਕੈਲੋਫੋਰਨੀਆ ਦੀਆਂ ਸੜਕਾਂ ਨਾਲੋਂ ਵੀ ਵਧੀਆਂ ਹਨ। ਚਾਹੇ ਬੰਬ ਮਾਰੋ,ਮਜਾਲ ਹੈ ਕਿ ਟੋਆ ਪੈ ਜੇ। ਟੁੰਨ ਹੋਏ ਸ਼ਰਾਬੀ ਦੇ ਹੱਥ ਵਿਚ ਨੱਕੋ-ਨੱਕ ਭਰੀ 'ਗਲਾਸੀ' ਫੜਾ ਦਿਓ,ਇੱਕ ਬੂੰਦ ਵੀ ਨਾ ਡੁੱਲ੍ਹੂ। ਮੁਲਾਇਮ ਤਾਂ ਐਨੀਆਂ ਜਿਵੇਂ ਹੇਮਾ ਮਾਲਿਨੀ ਦੀਆਂ ਗਲ਼ਾਂ ਹੋਣ। ਭਾਸ਼ਣ ਤਾਂ ਬਹੁਤ ਦਿਲ-ਮੋਹਨਾ ਸੀ ਪਰ ਅਸਲ ਵਿਚ ਤਸਵੀਰ ਦਾ ਦੂਜਾ ਪਾਸਾ ਅਜਿਹਾ ਨਹੀਂ ਸੀ। ਕਿਸੇ ਹੋਰ ਜ਼ਿਲ੍ਹੇ ਵਿਚ ਤਾਂ ਮੰਨਿਆ ਜਾ ਸਕਦਾ ਹੈ ਕਿ ਕਈ ਅਜਿਹੀਆਂ ਸੜਕਾਂ ਹੋਣ।

ਚਲੋ ਛੱਡੋ,ਪਹਿਲਾ ਗੱਲ ਹੇਮਾ ਮਾਲਿਨੀ ਦੀ ਕਰ ਲੈਂਦੇ ਹਾਂ। ਜੇ ਕਿਤੇ ਉਹ ਆਪਣੇ ਸਹੁਰੇ ਘਰ ਫੇਰਾ ਪਾ ਜਾਂਦੀ ਤਾਂ ਹੈਰਾਨ-ਪਰੇਸ਼ਾਨ ਹੋਕੇ ਕਹਿ ਦੇਣਾ ਸੀ ਕਿ ਧਰਮਿੰਦਰਾ,ਆ ਦੇਖ,'ਜਦ ਮੈਂ ਹੱਸਦੀ ਹਾਂ,ਉਦੋਂ ਤਾਂ ਗਲ਼ਾਂ 'ਚ ਦੋ 'ਗਡੇ' ਪੈਂਦੇ ਨੇ,ਜਿੰਨਾ 'ਚ ਤੂੰ ਅਜਿਹਾ ਡਿੱਗਿਆ ਕਿ ਮੁੜ ਕੇ ਨਾ ਉੱਠ ਸਕਿਆਂ ਪਰ ਇੱਥੇ ਤਾਂ ਗੱਡਿਆਂ ਦੀ ਗਿਣਤੀ ਹੀ ਬੇਸ਼ੁਮਾਰ ਹੈ, ਪਤਾ ਹੀ ਨਹੀਂ ਚੱਲੂ ਕਿ ਇਨ੍ਹਾਂ ਵਿਚ ਵਿਚਾਰੇ ਕਿਨ੍ਹੇ ਲੋਕੀ 'ਤੇ ਵਾਹਨ ਡਿੱਗੇ ਹੋਣੇ ਨੇ 'ਤੇ ਮੁੜ ਕੇ ਕਦੇ ਨਾ ਉੱਠ ਸਕੇ ਹੋਣ। ਧਰਮਿੰਦਰ ਨੇ ਕੀ ਕਹਿਣਾ ਸੀ ਉਹ ਤਾਂ ਆਪ ਜਨਤਾ ਵਾਂਗੂ ਇਨ੍ਹਾਂ 'ਟੋਇਆਂ ਦੀ ਮਾਰ' 'ਚੋਂ ਡਿੱਗਿਆ ਅਜੇ ਤਕ ਨਹੀਂ ਉੱਠ ਸਕਿਆ।

ਹਾਂ,ਗੱਲ ਤੋਰੀ ਸੀ ਆਪਾਂ ਸੂਬੇ ਦੀਆਂ ਸੜਕਾਂ ਬਾਰੇ,ਜੋ ਅਜੇ ਤਕ 'ਚਿਕਨੀਆਂ 'ਨਹੀਂ ਬਣਾਈਆਂ ਜਾ ਸਕੀਆਂ। ਅਜਿਹੀਆਂ ਸੜਕਾਂ ਬਣਾਉਣ ਦੀ ਤਕਨੀਕ ਵੱਲੋਂ ਕੋਈ ਮੁਸ਼ਕਲ ਨਹੀਂ,ਜਿਸ ਬਾਰੇ ਸਾਰੇ ਹੀ ਜਾਣਦੇ ਹਨ,ਪਰ ਕੋਈ ਮਾਈ ਦਾ ਲਾਲ/ ਸ਼ੇਰ ਅੱਗੇ ਨਹੀਂ ਆਉਂਦਾ ਕਿ ਵਿਭਾਗ ਦੇ ਮੁਖੀਏ ਨੂੰ ਪੁੱਛੇ ਕਿ ਫਿਰ ਇਹੋ ਜਿਹੀਆਂ ਵਧੀਆਂ ਸੜਕਾਂ ਬਣਾਈਆਂ ਕਿਉਂ ਨਹੀਂ ਜਾਂਦੀਆਂ? ਬਹੁਤੀਆਂ ਸੜਕਾਂ 'ਤੇ ਤਾਂ ਮਰੱਮਤ ਵਾਲੇ 'ਪੈਂਚਰ' ਹੀ ਲਾ ਕੇ ਲੋਕਾਂ ਦਾ ਬੁੱਤਾ ਸਾਰ ਦਿੰਦੇ ਨੇ ਅਤੇ ਆਪਣਾ ਝੁੱਗਾ ਭਰ ਲੈਂਦੇ ਨੇ। ਨਵੀਂ ਸੜਕ ਵੀ ਜੋ ਬਣਦੀ ਹੈ,ਉਹਦਾ ਵੀ ਅਜਿਹਾ ਹਾਲ ਹੀ ਹੁੰਦਾ ਹੈ। ਤਿੰਨਾਂ ਕੁ ਮਹੀਨਿਆਂ ਵਿਚ ਹੀ 'ਨਵੀਂ ਬਹੂ' ਵਾਂਗੂ, ਮੂੰਹ ਦੀ ਰੌਣਕ ਅਲੋਪ ਹੋ ਜਾਂਦੀ ਹੈ। ਰੱਬ ਹੀ ਜਾਣੇ,ਇਨ੍ਹਾਂ ਵਿਚ ਕਿਹਾ ਮਸਾਲਾ ਪਾਇਆ ਜਾਂਦਾ ਹੈ? ਜੇ ਕੋਈ ਚੰਗਾ ਠੇਕੇਦਾਰ ਮਿਲ ਜਾਵੇ 'ਤੇ ਪੁੱਛੋ ਤੋਂ ਕਹਿ ਦਿੰਦਾ ਹੈ ਕਿ ਵਿਚਾਰੀਆਂ ਸੜਕਾਂ ਕੀ ਕਰਨ, ਟਰੈਫ਼ਿਕ ਹੀ ਐਨਾ ਭਾਰੀ ਹੁੰਦਾ ਕਿ ਭਾਰ ਸਹਿਣ ਨਹੀਂ ਕਰ ਸਕਦੀਆਂ? ਭੋਲਿਆ,ਜੇ ਭਾਰ ਨਹੀਂ ਚੁੱਕ ਸਕਦੀਆਂ ਤਾਂ ਇਨ੍ਹਾਂ ਨੂੰ ਹੋਰ ਮਜ਼ਬੂਤੀ ਨਾਲ ਬਣਾਓ। ਅੱਗੋਂ ਜਵਾਬ ਮਿਲਦਾ ਕਿ ਇਨ੍ਹਾਂ ਦੀ ਕਿਸਮਤ ਵਿਚ ਤਾਂ 30-35 ਪ੍ਰਤੀਸ਼ਤ ਹੀ ਰਾਸ਼ਨ ਹੁੰਦਾ।

ਜੇ ਆਸ਼ਾਵਾਦੀ ਪੱਖੋਂ ਸੋਚੀਏ ਤਾਂ ਅਜਿਹੀਆਂ ਟੁੱਟੀਆਂ-ਭੱਜੀਆਂ ਸੜਕਾਂ ਦੇ ਫ਼ਾਇਦੇ ਵੀ ਅਣਗਿਣਤ ਹਨ। ਇਸ ਬਾਰੇ ਮੈ ਆਪਣਾ ਨਿੱਜੀ ਤਜਰਬਾ ਦੱਸਦਾ ਹਾਂ ਕਿ ਮੇਰੇ ਇੱਕ ਮਿੱਤਰ ਨੇ ਨਵਾਂ ਘਰ ਬਣਾਇਆ ਅਤੇ ਚੱਠ 'ਤੇ 'ਰੌਣਕ ਵਧਾਉਣ' ਦਾ ਨਿਮੰਤਰਨ ਕਾਰਡ ਭੇਜਿਆ। ਘਰ ਦਾ ਪਤਾ ਠਿਕਾਣਾ ਲਿਖਿਆ ਸੀ ਕਿ ਸ਼੍ਰੀਮਾਨ ਜੀ,ਜੋਧੇ ਵਾਲੇ ਚੌਕ 'ਤੇ ਪਹੁੰਚ ਕੇ ਅੱਗੋਂ ਸੜਕ ਤੇ ਪਏ ਹੋਏ ਦਸ ਟੋਏ ਗਿਣ ਕੇ,ਸੱਜੇ ਪਾਸੇ ਵਾਲੀ ਗਲੀ 'ਚ ਮੋੜ ਕੱਟ ਲੈਣਾ ਅਤੇ ਤੁਸੀਂ ਗ਼ਰੀਬ ਦੀ 'ਕੁੱਟੀਆਂ' 'ਤੇ ਪਧਾਰ ਜਾਉਗੇ। ਇਹ ਪੜ੍ਹ ਕੇ ਖ਼ੁਸ਼ੀ ਹੋਈ ਅਤੇ ਹੈਰਾਨੀ ਵੀ ਕਿ ਕਿਆ ਗੂਗਲ ਵਾਂਗੂੰ ਪੱਕੀ ਨਿਸ਼ਾਨਦੇਹੀ ਦੱਸੀ ਹੈ। ਅਗਲੇ ਦਿਨ ਅਸੀਂ ਚਾਈਂ-ਚਾਈਂ ਜਾ ਜੋਧੇ ਵਾਲੇ ਚੌਕ ਤੇ ਪਹੁੰਚ ਗਏ ਅਤੇ ਟੋਇਆਂ ਦੀ ਗਿਣਤੀ ਕਰ ਦਿੱਤੀ ਸ਼ੁਰੂ । ਜੱਦੋ ਅਸੀਂ ਦਸਵੇਂ ਟੋਏ ਤੇ ਪਹੁੰਚੇ ਤਾਂ ਗਲੀ ਦੇਖ ਕੇ ਝੱਟ ਪੂਰੇ ਵਿਸ਼ਵਾਸ ਨਾਲ ਕਾਰ ਮੋੜ ਕੇ ਅੱਗੇ ਵੱਧ ਤੁਰੇ। ਗਲੀ ਨੇ ਤਾਂ ਕੀ ਮੁੱਕਣਾ ਸੀ,ਖੁੱਲ੍ਹੇ ਖੇਤਾਂ ਦੀ ਸੈਰ ਕਰਨ ਲੱਗ ਪਏ। ਮਿੱਤਰ ਨੂੰ ਟੈਲੀਫ਼ੋਨ ਕੀਤਾ ਤਾਂ ਕਹਿੰਦਾ ਕਿ ਯਾਰ ਤੂੰ ਪਹਿਲਾਂ ਮੁੜ ਗਿਆ। ਵਾਪਸੀ ਕਰ ਲੈ ਅਤੇ ਅੱਗੇ ਨੂੰ ਤੁਰਿਆ ਆ। ਮੈਂ ਸੜਕ ਤੇ ਖੜ੍ਹਾ ਹੋਊ। ਸੁੱਖ ਨਾਲ ਕਾਰ ਵਾਪਸ ਕਰਕੇ ਉਹਦੇ ਕੋਲ ਪਹੁੰਚ ਗਿਆ। ਉਹਤੋ ਪੁੱਛਿਆਂ ਕਿ ਮੈਂ ਤਾਂ ਗਿਣਤੀ ਸਹੀ ਕੀਤੀ ਸੀ ਤਾਂ ਫਿਰ ਗ਼ਲਤੀ ਕਿਵੇਂ ਹੋ ਗਈ? ਕਹਿੰਦਾ ਕੀ ਦੱਸਾਂ? ਰਾਤੀ ਮੀਂਹ ਦਾ ਛੜਾਕਾ ਪਿਆ ਸੀ ਅਤੇ ਉਸ ਦੇ ਨਾਲ ਦਸ ਟੋਏ ਹੋਰ ਨਵੇਂ ਪੈ ਗਏ। ਮੈਂ ਮੰਨਦਾ ਕਿ ਇੱਥੇ ਨਾ ਤਾਂ ਮੇਰੀ ਗ਼ਲਤੀ ਹੈ,ਨਾ ਹੀ ਮੇਰੇ ਦੋਸਤ ਦੀ ਅਤੇ ਨਾ ਹੀ ਸਰਕਾਰ ਦੀ। ਇਹ ਤਾਂ ਰੱਬੀ ਭਾਣਾ ਵਰਤ ਗਿਆ। ਪਰ ਇਸ ਬਾਰੇ ਮੇਰੇ ਇੱਕ ਹੋਰ ਮਿੱਤਰ ਨੇ ਗੱਲ ਸੁਣਾਈ ਕਿ ਡਾਕਟਰ ਦੇ ਕਹੇ ਅਨੁਸਾਰ ਉਹਦੇ ਦਿਲ ਦੀ ਇੱਕ ਨਾੜੀ ਅੱਧੀ ਕੁ ਬੰਦ ਸੀ। ਉਹਨੇ ਅਪਰੇਸ਼ਨ ਬਾਰੇ ਸਲਾਹ ਦਿੱਤੀ। ਤਾਰੀਖ਼ ਮਹੀਨੇ ਦੀ ਮਿਲ ਗਈ। ਐਨੇ 'ਚ ਉਹਨੂੰ ਘਰੇਲੂ ਕੰਮ-ਕਾਰ ਪਿੱਛੇ ਬਲਾਚੌਰ ਤੋ ਗੜ੍ਹ ਸ਼ੰਕਰ ਵਾਲੀ ਸੜਕ ਤੇ ਸਫ਼ਰ ਕਰਨਾ ਮਜਬੂਰੀ ਬਣ ਗਈ ਸੀ। ਖ਼ੈਰ,ਕੰਮ ਨਜਿੱਠਿਆਂ ਗਿਆ ਅਤੇ ਮਿਥੀ ਤਾਰੀਖ਼ ਨੂੰ ਡਾਕਟਰ ਕੋਲ ਪਹੁੰਚ ਗਿਆ। ਫਿਰ ਤੋਂ ਮੁੱਢਲੇ ਟੈੱਸਟ ਕੀਤੇ ਗਏ ਤਾਂ ਪਤਾ ਚੱਲਿਆ ਕਿ ਦਿਲ ਦੀਆਂ ਸਾਰੀਆਂ ਨਾੜੀਆਂ ਤਾਂ ਸਹੀ ਨੇ। ਡਾਕਟਰ ਬਹੁਤ ਹੈਰਾਨ ਹੋਇਆ। ਪੁੱਛਣ ਲੱਗਾ ਕਿ ਪਿਛਲੇ ਇੱਕ ਮਹੀਨਾ ਤੂੰ ਕੀ ਕੀ ਖਾਣੇ ਵਿਚ ਤਬਦੀਲੀ ਕੀਤੀ ਅਤੇ ਕਹੀ ਜਿਹੀ ਵਰਜਸ਼ ਕਰਦਾ ਰਿਹਾ? ਮੈ ਹੈਰਾਨ ਸੀ। ਉਸ ਨੂੰ ਕਿਹਾ ਕਿ ਮੈਂ ਤਾਂ ਕੁੱਝ ਅਜਿਹਾ ਨਹੀਂ ਕੀਤਾ। ਪਰ ਹਾਂ,ਮੈਨੂੰ ਬਹੁਤ ਟੁੱਟੀ-ਫੁੱਟੀ ਸੜਕ ਤੇ ਮਜਬੂਰਨ ਮਹੀਨਾ ਭਰ ਜਾਣਾ ਪਿਆ ਸੀ। ਉਹ ਹੱਸਿਆ ਅਤੇ ਕਹਿੰਦਾ, 'ਜਾ,ਫਿਰ ਕਰ ਧੰਨਵਾਦ,ਆਪਣੇ ਸੂਬੇ ਦੀਆਂ ਸੜਕਾਂ ਦੇ ਮਾਲਕਾਂ ਦਾ।' ਮੇਰੀ ਗਰਭਵਤੀ ਪਤਨੀ ਨੂੰ ਉੱਠਦਿਆਂ ਦੇਖ ਕੇ ਕਹਿੰਦਾ,'ਬੀਬਾ,ਰੱਬ ਦਾ ਵਾਸਤਾ ਏ,ਤੁਸੀਂ ਨਹੀਂ ਅਜਿਹੀਆਂ ਸੜਕਾਂ 'ਤੇ ਸਫ਼ਰ ਕਰਨਾ। ਇਨ੍ਹਾਂ ਦੇ ਟੋਏ ਓਪਨ ਏਅਰ ਓਪਰੇਸ਼ਨ ਡਿਲਿਵਰੀ ਰੂਮ ਹਨ।'

ਮੈ ਸੋਚਦਾ ਹਾਂ ਕਿ ਇਨ੍ਹਾਂ ਸੜਕਾਂ ਪ੍ਰਤੀ ਸਾਡੀ ਕੀ ਸੋਚ ਹੈ? ਭਾਵੇਂ ਸਾਡੇ ਸੂਬੇ ਵਿਚ ਸੜਕਾਂ ਦਾ ਜਾਲ ਵਿਛ ਗਿਆ ਹੈ,ਪਿੰਡ-ਪਿੰਡ,ਸ਼ਹਿਰਾਂ ਨਾਲ ਜੁੜ ਗਿਆ ਹੈ,ਸਫ਼ਰ ਕਰਨਾ ਆਸਾਨ ਹੋ ਗਿਆ ਹੈ। ਇਨ੍ਹਾਂ ਦੇ ਬਣਨ ਨਾਲ ਲੋਕਾਂ ਦਾ ਭਲਾ ਹੋਇਆ ਹੈ ਪਰ ਨਾਲ ਦੀ ਨਾਲ ਹੀ ਠੇਕੇਦਾਰਾਂ ਅਤੇ ਸਰਕਾਰੀ ਅਮਲੇ-ਫੈਲੇ ਦੀ ਕਿਸਮਤ ਦਾ ਸਿਤਾਰਾ ਚਮਕਿਆ ਹੈ। ਜੇ ਲੋਕ ਇਹਨਾਂ ਖਸਤਾ ਹਾਲਤ ਵਾਲੀਆਂ ਸੜਕਾਂ ਬਾਰੇ ਪੁੱਛਦੇ ਹਨ ਤਾਂ ਸਰਕਾਰ ਕੋਈ ਹੋਰ ਹੀ ਚੱਕਰ ਚਲਾ ਕੇ ਧਿਆਨ ਹੋਰ ਪਾਸੇ ਬਦਲ ਦਿੰਦੀ ਹੈ। ਜਨਤਾ ਵੀ ਹੌਲੀ-ਹੌਲੀ ਨਿਪੁੰਸਕ ਕਰ ਦਿੱਤੀ ਜਾ ਰਹੀ ਹੈ। ਟੋਲ-ਟੈਕਸ ਹੀ ਦੇਖ ਲਓ,ਕਮਾਈ ਦਾ ਅਜਿਹਾ ਸਾਧਨ ਬਣਾ ਲਿਆ ਹੈ ਕਿ ਸਾਡੇ ਆਵਾਜਾਈ ਲਈ ਕੈਂਸਰ ਰੋਗ ਬਣ ਕੇ ਚਿੰਬੜ ਗਿਆ ਹੈ। ਇਸ ਦੀ ਕੋਈ ਮਿਆਦ ਤਾਂ ਰੱਖੀ ਹੋਵੇ ਕਿ ਕਦੋਂ ਬੰਦ ਕਰਨਾ ਹੈ। ਚਲੋ,ਕਿਸੇ ਭੱਦਰ ਪੁਰਸ਼ ਨੇ ਇਲੈੱਕਸ਼ਨ ਤਕ ਤਾਂ ਆਰਜ਼ੀ ਤੌਰ 'ਤੇ ਇੱਕ ਨੂੰ ਬੰਦ ਕਰਵਾ ਦਿੱਤਾ।ਅੱਗੋਂ ਫਿਰ ਉਹੀ ਹਾਲ ਹੋਣਾ ਹੈ।

ਮੈਂ ਵੀ ਆਪਣੀ ਕਲਮ ਦੀ ਰਫ਼ਤਾਰ ਰੋਕਦਾ ਹਾਂ,ਕਿਤੇ ਇਹ ਵੀ ਨਾ ਕਿਸੇ ਟੋਏ-ਟਿੱਬੇ 'ਚ ਡਿਗ ਪਵੇ 'ਤੇ ਲਿਖਣੋਂ ਜਾਵਾਂ।



**ਸੁਰਜੀਤ ਸਿੰਘ ਭੁੱਲਰ-**

## ਪੰਜਾਬ ਦੀ ਧੀ ਨੇ ਕਨੇਡਾ ਪੁਲਿਸ ਚ ਭਰਤੀ ਹੋ ਕੇ ਕਰਵਾਈ ਬੱਲੇ ਬੱਲੇ

**ਵੈਨਕੂਵਰ, ਮਈ (ਮਲਕੀਤ ਸਿੰਘ)**– ਪੰਜਾਬ ਦੇ ਮਾਲਵਾ ਖੇਤਰ ਦੇ ਜਿਲਾ ਮੋਗਾ ਦੇ ਪਿੰਡ ਮੱਲੇਕੇ ਨਾਲ ਸੰਬੰਧਿਤ ਪੰਜਾਬ ਦੀ ਇੱਕ ਹੋਣਹ-ਾਰ ਧੀ ਨੇ ਕਨੇਡਾ ਦੀ ਪੁਲਿਸ ਚ ਭਰਤੀ ਹੋ ਕੇ ਕੇਰਾਂ ਬੱਲੇ ਬੱਲੇ ਕਰਵਾ ਛੱਡੀ ਹੈ ਪ੍ਰਾਪਤ ਵੇਰਵਿਆਂ ਮੁਤਾਬਕ ਜਸਦੀਪ ਕੌਰ ਬਰਾੜ ਦੀ ਨਾਂ ਦੀ ਪੰਜਾਬੀ ਮੂਲ ਦੀ ਇਸ ਲੜਕੀ ਨੇ ਕਨੇਡਾ ਪੁਲਿਸ ਵਿੱਚ ਪੀਸ ਅਫਸਰ ਵੱਜੋਂ ਨਿਯੁਕਤ ਹੋ ਕੇ ਪੂਰੇ ਪੰਜਾਬੀ ਭਾਈਚਾਰੇ ਸਮੇਤ ਪੰਜਾਬ ਅਤੇ ਆਪਣੇ ਇਲਾਕੇ ਦਾ ਮਾਣ ਵਧਾਇਆ ਹੈ ਜਸਦੀਪ ਕੌਰ ਨੇ ਆਪਣੀ ਇਸ ਪ੍ਰਾਪਤੀ ਤੇ ਖੁਸ਼ੀ ਮਹਿਸੂਸ ਕਰਦਿਆ ਦੱਸਿਆ ਕਿ ਉਹ ਸਖਤ ਮਿਹਨਤ,ਦ੍ਰਿੜ ਇਰਾਦੇ,ਮਾਪਿਆਂ ਦੇ ਪੂਰਨ ਸਹਿਯੋਗ ਅਤੇ ਭਾਈਚਾਰੇ ਦੀਆਂ ਅਸੀਸਾਂ ਸਦਕਾ ਇਸ ਮੁਕਾਮ ਤੇ ਪਹੁੰਚਣ ਚ ਕਾਮਯਾਬ ਹੋਈ ਹੈ ਅਤੇ ਭਵਿੱਖ ਵਿੱਚ ਵੀ ਆਪਣੀ ਡਿਊਟੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵੇਗੀ ਜਸਦੀਪ ਕੌਰ ਬਰਾੜ ਦੀ ਇਸ ਪ੍ਰਾਪਤੀ ਤੇ ਕਨੇਡਾ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਚ ਖੁਸ਼ੀ ਦੀ ਲਹਿਰ ਵੇਖੀ ਜਾ ਰਹੀ ਹੈ ।

## (ਗੁੰਡੇ ਰਾਜ ਚਲਾਉਂਦੇ)

ਸਭ ਤੋਂ ਵੱਡਾ ਗੁੰਡਿਆਂ ਦਾ ਰਾਜਾ,ਆ ਵੜਿਆ ਵਿਚ ਗਾਜ਼ਾ। ਲਿਆ ਕੇ ਅਪਣੇ ਸਮੁੰਦਰੀ ਬੇੜੇ, ਬਜਾ ਰਿਹਾ ਬਾਜਾਂ। ਗੁੰਡਾਗਰਦੀ ਤੋਂ ਬਿਨਾਂ ਲੋਕੀਂ ਕਾਬੂ ਨ੍ਹੀਂ ਆਉਂਦੇ ਲੋਕੀ ਕਹਿਣ ਗੁੰਡੇ ਰਾਜ ਚਲਾਉਂਦੇ। ਲੋਕਾਂ ਦਵਾਰਾ ਚੁਣਿਆ ਲੋਕ ਰਾਜ,, ਕਿਉਂ ਲੋਕੀਂ ਇਤਰਾਜ਼ ਉਠਾਉਂਦੇ।



ਇਨਸਾਫ ਦਾ ਤਰਾਜੂ ਲਈ ਬੈਠੇ, ਜੱਜ ਨੇ ਫੈਸਲਾ ਸੁਣਾਉਂਦੇ। ਟ੍ਰੰਪ ਗਰੁੱਪ ਮਾਇਆਧਾਰੀ, ਆਪਣੀਆਂ ਚੰਮ ਦੀਆਂ ਚਲਾਉਂਦੇ। ਅਹੰਕਾਰੀਆਂ ਦਾ ਹੰਕਾਰ ਹੈ ਐਨਾ, ਰਾਵਣ ਵਾਂਗੂੰ ਹੰਕਾਰ ਦਿਖਾਉਂਦੇ।ਅਮਰੀਕਨ-ਯੂਰਪੀਅਨ ਲੋਕ ਵੀ ਤੰਗ ਨੇ ਇਸ ਤੋਂ, ਇਸਦੇ ਵਿਰੁੱਧ ਨਾਅਰੇ ਨੇ ਲਾਉਂਦੇ। ਭਾਰਤ ਵਾਸਤੇ ਵੀ ਯੂਐਸ ਦੀਆਂ ਪਾਲਸੀਆਂ ਨੁਕਸਾਨਦੇਹ, ਮਜਬੂਰੀ ਨੂੰ ਜੀ-ਹਜੂਰੀ ਕਰਨੀ ਪੈਂਦੀ। ਸਾਡੇ ਲੋਕ, ਸਾਰੇ ਵਿਦੇਸ਼ਾਂ, ਵਿੱਚ ਰਹਿਣ, ਉਨ੍ਹਾਂ ਦੀ ਵੀ, ਸਥਿਤੀ ਦੇਖਣੀ ਪੈਂਦੀ। ਟ੍ਰੰਪ ਅਜੇ ਵੀ ਸ਼ੇਖੀਆਂ ਮਾਰੇ, ਛੱਡਣਾ ਨ੍ਹੀਂ ਇੱਕ ਵੀ ਇਰਾਨੀ ।ਮੋਹਲਤਾਂ ਤੇ ਮੋਹਲਤਾਂ ਦੇਈਂ ਜਾਂਦਾ ਹਾਂ, ਫਿਰ ਵੀ ਕਰ ਜਾਂਦੇ ਸ਼ੈਤਾਨੀ। ਪਾਕਿ-ਸਤਾਨ ਰਾਹੀਂ ਵਿਚੋਲਗਿਰੀ ਕਰਾਕੇ,ਅਪਣਾ ਉਲੂ ਸਿੱਧਾ ਕਰਦੇ। ਇਸਲਾਮੀ ਜਗਤ ਵਾਲੇ,ਫਿਰ ਵੀ ਮੈਥੋਂ ਨਹੀਂ ਡਰਦੇ। ਜਲਡਮਰੂ ਦਾ ਸੁਫਨਾ ਮੇਰਾ ਹੋਇਆ ਚਕਨਾਚੂਰ। ਮੈਂ ਰਾਸ਼ਟਰਪਤੀ ਭਵਨ ਵਿੱਚ ਬੈਠਣ ਲਈ ਹੋਇਆਂ ਮਜ਼ਬੂਰ। ਬਿਪਤਾ ਵੇਲੇ ਮੇਰੀ ਕੋਈ ਬਾਂਹ ਨ੍ਹੀਂ ਫੜ੍ਹਦਾ। ਹਰ ਕੋਈ ਅੱਖ ਬਚਾ ਕੇ, ਮੇਰਾ ਸਾਥ ਹੈ ਛੱਡਦਾ। ਨਫ਼ਰੀ ਅਪਣੀ ਫੌਜ ਦੀ ਘਟਾਉਣ ਦੀ ਹਾਂ ਵਿਉਂਤ ਰਹੇ।ਪਰ ਇਰਾਨੀ ਸਾਡਾ ਸਾਥ ਨ੍ਹੀਂ ਦੇ ਰਹੇ। ਸੁਰੱਖਿਆ ਫੌਜ ਦੇ ਕਮਾਂਡਰਾਂ ਨੂੰ ਵੀ ਸਹਿਯੋਗ ਨ੍ਹੀਂ ਕਰਦੇ ? ਅਸੀਂ ਉਨ੍ਹਾਂ ਲਈ ਬਹੁਤ ਕੁੱਝ ਰਹਿੰਦੇ ਕਰਦੇ। ਗੱਲ ਬਾਤ ਇਥੇ ਮੁੱਕਦੀ ਏ, ਪੂਰੀ ਉਸ ਉੱਤੇ ਢੁੱਕਦੀ ਐ।"ਰੋਮ ਜਲ ਰਿਹਾ ਹੈ , ਨੀਰੋ ਬੰਸਰੀ ਬਜਾ ਰਿਹਾ ਹੈ " । ਹੁਣ ਕਹਿੰਦਾ ਸਾਡੇ ਵਿੱਚ ਸਹਿਮਤੀ ਹੋ ਗਈ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #63940 ਏ, ਚੰਡੀਗੜ੍ਹ ਫੋਨ ਨੰਬਰ : 9878469639**






# ਕੈਨੇਡਾ ਦੀ ਨਵੀਂ ਖੁਫੀਆ ਰਿਪੋਰਟ ਅਨੁਸਾਰ ਖਾਲਿਸਤਾਨੀ ਅਤਿਵਾਦੀਆਂ ਦਾ ਇਕ ਛੋਟਾ ਪਰ ਸਰਗਰਮ ਗਰੁੱਪ ਜੋ ਹਿੰਸਾ, ਧਮਕੀ, ਫੰਡ ਇਕੱਠਾ ਕਰਨ ਦਾ ਕੰਮ ਕਰਦਾ ਹੈ








ਕੈਨੇਡਾ ਦੀ ਸੀਐਸਆਈਐਸ 2025 ਪਬਲਿਕ ਰਿਪੋਰਟ, ਜੋ ਮਈ 2026 ਵਿੱਚ ਸਾਹਮਣੇ ਆਈ, ਇਕ ਅਜਿਹੀ ਗੱਲ ਖੁੱਲ੍ਹੇ ਸ਼ਬਦਾਂ ਵਿੱਚ ਕਹਿੰਦੀ ਹੈ ਜਿਸਨੂੰ ਦੇਸ਼ ਅਕਸਰ ਧੁੰਦਲੇ ਲਹਿਜੇ ਵਿੱਚ ਰੱਖਦਾ ਰਿਹਾ ਸੀ। ਰਿਪੋਰਟ ਕਹਿੰਦੀ ਹੈ ਕਿ ਕੈਨੇਡਾ-ਆਧਾਰਿਤ ਖਾਲਿਸਤਾਨੀ ਅਤਿਵਾਦੀਆਂ ਦਾ ਇਕ ਛੋਟਾ ਪਰ ਸਰਗਰਮ ਗਰੁੱਪ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ। ਇਹ ਭਾਸ਼ਾ ਸਿਰਫ਼ ਲੇਬਲ ਨਹੀਂ, ਤਰਜੀਹ ਦਾ ਇਸ਼ਾਰਾ ਕਰਦੀ ਹੈ। ਰਿਪੋਰਟ ਨਾਲ ਇਕ ਹੋਰ ਰੇਖਾ ਵੀ ਸਾਫ਼ ਹੁੰਦੀ ਹੈ। ਸਿੱਖ ਪਹਿਚਾਣ, ਖਾਲਿਸਤਾਨ ਬਾਰੇ ਰਾਜਨੀਤਿਕ ਰਾਏ, ਜਾਂ ਸ਼ਾਂਤਮਈ ਸਮਰਥਨ ਨੂੰ ਖ਼ਤਰੇ ਨਾਲ ਇਕਸਾਰ ਨਹੀਂ ਕੀਤਾ ਗਿਆ। ਮੁੱਦਾ ਉਹ ਹਿੱਸਾ ਹੈ ਜੋ ਹਿੰਸਾ, ਧਮਕੀ, ਫੰਡ ਇਕੱਠਾ ਕਰਨ ਅਤੇ ਸੰਗਠਿਤ ਮਦਦ ਨਾਲ ਜੁੜਿਆ ਹੋਇਆ ਦਿਖਾਇਆ ਗਿਆ ਹੈ।

ਰਿਪੋਰਟ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਨੇ ਵਿਚਾਰਧਾਰਾ ਦੇ ਨਾਮ ਨਾਲੋਂ ਗਲਤ ਹਰਕਤਾਂ ਨੂੰ ਅੱਗੇ ਰੱਖਿਆ ਹੈ। ਸੀਐਸਆਈਐਸ ਨੇ ਇਸ ਗਰੁੱਪ ਨੂੰ ਪੌਲਿਟਿਚਉਲਲੇ ਮੋਟਿਵਓਟਏਦ ਵਿਲਏਨਟ ਏਣਟਰਏਮਿਸਮ, ਨਾਂ ਦਿੱਤਾ ਹੈ। ਸਧਾਰਨ ਮਤਲਬ ਇਹ ਹੈ ਕਿ ਰਾਜਨੀਤਿਕ ਮਕਸਦ ਲਈ ਹਿੰਸਾ, ਜਾਂ ਹਿੰਸਾ ਦੀ ਧਮਕੀ, ਵਰਤੀ ਜਾ ਰਹੀ ਹੈ।

ਇਹ ਫ਼ਰਕ ਕੈਨੇਡਾ ਲਈ ਲਾਜ਼ਮੀ ਹੈ, ਕਿਉਂਕਿ ਲੋਕਤੰਤਰ ਵਿੱਚ ਅਪ੍ਰਸਿੱਧ ਜਾਂ ਤਿੱਖੇ ਰਾਜਨੀਤਿਕ ਵਿਚਾਰ ਵੀ ਕਾਨੂੰਨੀ ਹੋ ਸਕਦੇ ਹਨ। ਰੈਲੀ ਕਰਨਾ, ਨਾਅਰੇ ਲਗਾਉਣਾ, ਜਾਂ ਖਾਲਿਸਤਾਨ ਲਈ ਸ਼ਾਂਤਮਈ ਮੁਹਿੰਮ ਚਲਾਉਣਾ ਆਪਣੇ ਆਪ ਵਿੱਚ ਰਾਸ਼ਟਰੀ ਸੁਰੱਖਿਆ ਦਾ ਕੇਸ ਨਹੀਂ ਬਣਦਾ। ਪਰ ਜਦੋਂ ਗੱਲ ਧਮਕੀ, ਸਾਜ਼ਿਸ਼, ਹਮਲੇ ਦੀ ਤਿਆਰੀ, ਜਾਂ ਹਿੰਸਕ ਕਾਰਵਾਈ ਲਈ ਮਦਦ ਦੀ ਆਉਂਦੀ ਹੈ, ਉੱਥੇ ਕਾਨੂੰਨੀ ਰਾਜਨੀਤੀ ਖਤਮ ਹੋ ਜਾਂਦੀ ਹੈ।

2025 ਵਿੱਚ ਕੈਨੇਡਾ ਦੇ ਅੰਦਰ ਕੋਈ ਖਾਲਸਤਾਨੀ ਹਮਲਾ ਦਰਜ ਨਹੀਂ ਹੋਇਆ, ਫਿਰ ਵੀ ਇਹ ਰਿਪੋਰਟ ਦਰਸਾਉਂਦਾ ਹੈ ਕਿ ਸੁਰੱਖਿਆ ਏਜੰਸੀਆਂ ਹਮਲੇ ਦੀ ਉਡੀਕ ਕਰਕੇ ਹੀ ਖ਼ਤਰਾ ਨਹੀਂ ਮਾਪਦੀਆਂ; ਉਹ ਨੈੱਟਵਰਕ, ਪੈਸਾ, ਸੰਪਰਕ ਅਤੇ ਮਨਸੂਬੇ ਨੂੰ ਵੀ ਦੇਖਦੀਆਂ ਹਨ।

ਇਹ ਉਹ ਸ਼੍ਰੇਣੀ ਹੈ ਜਿਸ ਵਿੱਚ ਉਹ ਅਦਾਕਾਰ ਆਉਂਦੇ ਹਨ ਜੋ ਰਾਜਨੀਤਿਕ ਬਦਲਾਅ ਲਈ ਹਿੰਸਾ ਨੂੰ ਜਾਇਜ਼ ਮੰਨਦੇ ਹਨ। ਇਹ ਕੇਵਲ ਗੁੱਸੇ ਭਰੇ ਨਾਅਰਿਆਂ ਦੀ ਗੱਲ ਨਹੀਂ। ਇਸ ਵਿੱਚ ਹਥਿਆਰਬੰਦ ਸਹਾਇਤਾ, ਹਮਲੇ ਲਈ ਉਕਸਾਉਣਾ, ਜਾਂ ਡਰ ਪੈਦਾ ਕਰਕੇ ਰਾਜਨੀਤਿਕ ਮਕਸਦ ਹਾਸਲ ਕਰਨਾ ਸ਼ਾਮਲ ਹੁੰਦਾ ਹੈ।

ਸਿੱਖ ਕਮਿਊਨਿਟੀ ਹੋਣਾ, ਜਾਂ ਖਾਲਿਸਤਾਨ ਬਾਰੇ ਵਿਚਾਰ ਰੱਖਣਾ, ਆਪਣੇ ਆਪ ਵਿੱਚ ਸ਼ੱਕ ਦੀ ਗੱਲ ਨਹੀਂ। ਕੈਨੇਡਾ ਦਾ ਕਾਨੂੰਨ ਰਾਜਨੀਤਿਕ ਅਭਿਵਕਤੀ ਨੂੰ ਸੁਰੱਖਿਆ ਦਿੰਦਾ ਹੈ, ਭਾਵੇਂ ਕਿਸੇ ਹੋਰ ਸਰਕਾਰ ਨੂੰ ਉਹ ਨਾਪਸੰਦ ਹੋਵੇ।

ਲਕੀਰ ਤਦੋਂ ਪਾਰ ਹੁੰਦੀ ਹੈ ਜਦੋਂ ਚੁੱਕੇ ਕਦਮ ਹਿੰਸਾ ਨਾਲ ਜੁੜਦੇ ਹਨ। ਹਮਲਿਆਂ ਲਈ ਫੰਡ ਇਕੱਠਾ ਕਰਨਾ, ਲੋਕਾਂ ਨੂੰ ਡਰਾਉਣਾ, ਜ਼ਬਰ, ਜਾਂ ਹਿੰਸਕ ਨੈੱਟਵਰਕ ਨੂੰ ਸੰਗਠਿਤ ਮਦਦ ਦੇਣਾ ਇਕ ਹੋਰ ਹੀ ਚੀਜ਼ ਹੈ। ਜਨਤਕ ਚਰਚਾ ਨੇ ਕਈ ਵਾਰ ਇਸ ਰੇਖਾ ਨੂੰ ਧੁੰਦਲਾ ਬਣਾਇਆ, ਪਰ ਕਾਗਜ਼ਾਂ ਵਿਚ ਇਹ ਰੇਖਾ ਸਾਫ਼ ਹੈ ਦਿਖਾਈ ਦਿੰਦੀ ਹੈ।

ਰਿਪੋਰਟ ਦਾ ਸਭ ਤੋਂ ਚਿੰਤਾਜਨਕ ਹਿੱਸਾ ਪੈਸੇ ਅਤੇ ਸੰਪਰਕਾਂ ਬਾਰੇ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਕੁਝ ਅਤਿਵਾਦੀ ਕੈਨੇਡਾ ਦੇ ਗਰੁੱਪਾਂ, ਸਮਾਗਮਾਂ ਅਤੇ ਜਾਣ-ਪਛਾਣ ਵਾਲੇ ਜਾਲਾਂ ਰਾਹੀਂ ਆਪਣਾ ਸੁਨੇਹਾ ਫੈਲਾਉਂਦੇ ਹਨ ਅਤੇ ਫੰਡ ਇਕੱਠੇ ਕਰਦੇ ਹਨ। ਇਹ ਦਾਅਵਾ ਇਸ ਲਈ ਭਾਰੀ ਹੈ, ਕਿਉਂਕਿ ਇੱਥੇ ਖੁੱਲ੍ਹੇ ਸਮਰਥਨ ਨਾਲੋਂ ਧੋਖੇ ਦਾ ਤੱਤ ਵੀ ਆਉਂਦਾ ਹੈ। ਰਿਪੋਰਟ ਮੁਤਾਬਕ ਕੁਝ ਪੈਸਾ ਅਜਿਹੇ ਲੋਕਾਂ ਤੋਂ ਵੀ ਆ ਸਕਦਾ ਹੈ ਜਿਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਉਹ ਰਕਮ ਆਖ਼ਿਰ ਕਿੱਥੇ ਜਾ ਰਹੀ ਹੈ। ਇਸ ਨਾਲ ਖ਼ਤਰਾ ਹੋਰ ਜਟਿਲ ਬਣਦਾ ਹੈ। ਕਾਨੂੰਨ ਸਿਰਫ਼ ਪ੍ਰਚਾਰਕਾਂ ਜਾਂ ਯੋਜਕਾਂ ਨੂੰ ਨਹੀਂ ਦੇਖਦਾ; ਉਸਨੂੰ ਉਸ ਰਾਹ ਨੂੰ ਵੀ ਸਮਝਣਾ ਪੈਂਦਾ ਹੈ ਜਿਸ ਰਾਹੀਂ ਭਰੋਸਾ ਵਰਤਿਆ ਜਾਂਦਾ ਹੈ। ਇਸੇ ਕਰਕੇ ਇਹ ਮਾਮਲਾ ਸ਼ੱਕੀ ਨਹੀਂ ਰਹਿੰਦਾ। ਧਾਰਮਿਕ ਥਾਵਾਂ, ਜਿਵੇਂ ਗੁਰਦੁਆਰੇ, ਮੰਦਰ ਜਾਂ ਮਸਜਿਦਾਂ, ਸਕੂਲਾਂ ਅਤੇ ਹੋਰ ਆਪਣੇ ਆਪ ਵਿੱਚ ਖ਼ਤਰੇ ਦੀ ਥਾਂ ਬਣ ਜਾਂਦੇ ਹਨ।

ਪਰ ਰਿਪੋਰਟ ਇਹ ਚੇਤਾਵਨੀ ਦਿੰਦੀ ਹੈ ਕਿ ਖਾਲਸਤਾਨੀ ਲੋਕ ਆਮ ਸਮਾਜਿਕ ਰਿਸ਼ਤਿਆਂ ਦਾ ਗਲਤ ਫਾਇਦਾ ਲੈਂਦੇ ਹਨ। ਜੇ ਕਿਸੇ ਭਰੋਸੇਯੋਗ ਥਾਂ ਦੀ ਓਟ ਮਿਲ ਜਾਏ, ਤਾਂ ਸੁਨੇਹਾ ਵੀ ਆਸਾਨੀ ਨਾਲ ਫੈਲਦਾ ਹੈ ਅਤੇ ਪੈਸਾ ਵੀ ਚੁੱਪਚਾਪ ਮਿਲ ਜਾਂਦਾ ਹੈ। ਇਸ ਕਰਕੇ ਜਾਂਚ ਨੂੰ ਸੂਝ-ਬੂਝ ਚਾਹੀਦੀ ਹੈ, ਨਾ ਕਿ ਵੱਡੀਆਂ ਤੇ ਬਿਨਾਂ ਸਬੂਤ ਦੀਆਂ ਤੋਹਮਤਾਂ।

ਵੱਡੀ ਜਨਤਕ ਭੀੜ ਖ਼ਤਰੇ ਦੀ ਇਕੱਲੀ ਮਾਪ ਨਹੀਂ ਹੁੰਦੀ। ਇੱਕ ਛੋਟਾ ਹਿੰਸਕ ਨੈੱਟਵਰਕ ਵੀ ਫੰਡਰੇਜ਼ਿੰਗ ਰਾਹੀਂ ਕਾਫ਼ੀ ਪ੍ਰਭਾਵ ਪਾਇਆਂ ਜਾ ਸਕਦਾ ਹੈ। ਉਸਨੂੰ ਹਰ ਥਾਂ ਆਪਣਾ ਦਫ਼ਤਰ ਨਹੀਂ ਚਾਹੀਦਾ; ਉਸਨੂੰ ਕੁਝ ਭਰੋਸੇਮੰਦ ਨਾਤੇ ਚਾਹੀਦੇ ਹਨ।

ਇਹੀ ਕਾਰਨ ਹੈ ਕਿ ਪੁਲਿਸ ਲਈ ਜਾਂਚ ਕਰਨਾ ਔਖਾ ਹੋ ਜਾਂਦਾ ਹੈ । ਜਦੋਂ ਸਹਾਇਤਾ ਆਮ ਸਮਾਜਿਕ ਲੋਕਾਂ ਵਿਚੋਂ ਦੀ ਹੋ ਕੇ ਨਿਕਲਦੀ ਹੈ ਤਾਂ ਖ਼ਤਰਾ ਦਿਖਾਈ ਘੱਟ ਦਿੰਦਾ ਹੈ ਪਰ ਨੁਕਸਾਨ ਵੱਧ ਹੁੰਦਾ ਹੈ। ਇਹ



ਸੁਰਜੀਤ ਸਿੰਘ ਫਲੋਰਾ
SURJIT SINGH FLORA
6 Havelock Drive,
Brampton, ON
L6W 4A5 Canada
647-829-9397

ਫ਼ਾਇਲ ਸਿਰਫ਼ ਘਰੇਲੂ ਕਾਨੂੰਨ-ਵਿਵਸਥਾ ਦੀ ਨਹੀਂ। ਰਿਪੋਰਟ ਖ਼ਤਰੇ ਨੂੰ ਕੈਨੇਡਾ ਅਤੇ ਭਾਰਤ ਦੋਹਾਂ ਨਾਲ ਜੋੜਦੀ ਹੈ। ਜਦੋਂ ਪਲਾਨਿੰਗ, ਪੈਸਾ, ਸੁਨੇਹੇ ਅਤੇ ਧਮਕਾਉਣਾ ਸਰਹੱਦਾਂ ਪਾਰ ਜਾਣ, ਤਾਂ ਕੇਸ ਸਧਾਰਨ ਪੁਲਿਸੰਗ ਤੋਂ ਨਿਕਲ ਕੇ ਰਾਸ਼ਟਰੀ ਸੁਰੱਖਿਆ ਅਤੇ ਡਿਪਲੋਮੈਸੀ ਦਾ ਬਣ ਜਾਂਦਾ ਹੈ। ਭਾਵੇਂ ਰਿਪੋਰਟ ਉਸਦਾ ਨਾਂ ਸਿੱਧਾ ਨਹੀਂ ਲੈਂਦੀ। 2023 ਵਿੱਚ ਸਾਬਕਾ ਪ੍ਰਧਾਨ ਮੰਤਰੀ ਨੇ ਕੈਨੇਡਾ ਦੀ ਪਾਰਲੀਮੈਂਟ ਵਿਚ ਖੜ੍ਹ ਕੇ ਕਿਹਾ ਸੀ ਕਿ ਨਿਝਰ ਦੀ ਹੱਤਿਆ ਨਾਲ ਭਾਰਤੀ ਏਜੰਟ ਜੁੜੇ ਹੋ ਸਕਦੇ ਹਨ; ਭਾਰਤ ਨੇ ਦੋਸ਼ ਰੱਦ ਕੀਤੇ। ਦੂਜੇ ਪਾਸੇ, ਭਾਰਤ ਦੀ ਪੁਰਾਣੀ ਸ਼ਿਕਾਇਤ ਇਹ ਰਹੀ ਕਿ ਕੈਨੇਡਾ ਖਾਲਿਸਤਾਨੀ ਹਿੰਸਕ ਅਤਿਵਾਦ ਨੂੰ ਲੋੜੀਂਦੀ ਸਖ਼ਤੀ ਨਾਲ ਨਹੀਂ ਦੇਖਦਾ ਸੀ। ਨਵੀਂ ਰਿਪੋਰਟ ਅੰਸ਼ਕ ਤੌਰ ਤੇ ਉਸ ਸ਼ਿਕਾਇਤ ਦਾ ਜਵਾਬ ਦਿੰਦੀ ਹੈ, ਪਰ ਭਰੋਸਾ ਫਿਰ ਵੀ ਵਾਪਸ ਨਹੀਂ ਆਉਂਦਾ।

1985 ਵਿੱਚ ਏਅਰ ਇੰਡੀਆ ਫਲਾਇਟ182 ਬੰਬ ਧਮਾਕੇ ਵਿੱਚ 329 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਬਹੁਤੇ ਕੈਨੇਡੀਅਨ ਸਨ। ਇਹ ਅਜੇ ਵੀ ਕੈਨੇਡਾ ਦੇ ਇਤਿਹ-ਾਸ ਦਾ ਸਭ ਤੋਂ ਘਾਤਕ ਆਤੰਕੀ ਹਮਲਾ ਹੈ। 2025 ਇਸਦੀ 40ਵੀਂ ਵਰ੍ਹੇਗੰਢ ਸੀ, ਇਸ ਲਈ ਰਿਪੋਰਟ ਦਾ ਲਹਿਜਾ ਇਤਿਹਾਸ ਤੋਂ ਵੱਖ ਨਹੀਂ ਪੜ੍ਹਿਆ ਜਾ ਸਕਦਾ। ਇਹ ਯਾਦ ਇਕ ਗੱਲ ਸਾਫ਼ ਕਰਦੀ ਹੈ। ਖਾਲਿਸਤਾਨੀ ਹਿੰਸਾ ਕੈਨੇਡਾ ਲਈ ਕੋਈ ਦੂਰਲਾ ਜਾਂ ਸਿਰਫ਼ ਵਿਦੇਸ਼ੀ ਮਸਲਾ ਨਹੀਂ ਰਿਹਾ। ਇਸ ਦੀ ਕ਼ੀਮਤ ਪਹਿਲਾਂ ਵੀ ਇੱਥੇ ਦੀਆਂ ਪਰਿਵਾਰਾਂ ਨੇ ਚੁਕਾਈ ਹੈ। ਖੁਫੀਆ ਰਿਪੋਰਟਾਂ ਵਿੱਚ ਸ਼ਬਦ ਸਿਰਫ਼ ਵਰਣਨ ਨਹੀਂ ਹੁੰਦੇ; ਉਹ ਰਾਜ ਦੀ ਅਧਿਕਾਰਕ ਸੋਚ ਦੱਸਦੇ ਹਨ। 2024 ਵਿੱਚ ਭਾਰਤ ਬਾਰੇ ਭਾਸ਼ਾ ਹੋਰ ਸਿੱਧੀ ਸੀ। 2025 ਵਿੱਚ ਲਹਿਜਾ ਕੁਝ ਨਰਮ ਦਿੱਸਿਆ, ਅਤੇ ਕੁਝ ਜਗ੍ਹਾਂ "ਰਾਜਨੀਤੀ" ਤੇ ਕੁਝ ਥਾਵਾਂ ਤੇ ਕੂਟਨੀਤੀ ਵਰਗਾ ਵਾਲਾ ਸਾਹਮਣੇ ਆਇਆ।

ਫ਼ਰਵਰੀ 2026 ਵਿੱਚ ਸੀਐਸਆਈਐਸ ਦੇ ਡਾਇਰੈਕਟਰ ਡੈਨ ਰੋਜਰਜ਼ ਨੇ ਕਿਹਾ ਸੀ ਕਿ ਭਾਰਤ ਬਾਰੇ ਖਤਰੇ ਵਾਲੀ ਸੋਚ ਨਹੀਂ ਬਦਲੀ। ਇਹੀ ਗੁੰਝਲ ਜੋ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਨੂੰ ਭਾਰੀ ਬਣਾਉਂਦੀ ਹੈ, ਕਿਉਂਕਿ ਇੱਕੋ ਵੇਲੇ ਕੈਨੇਡਾ ਖਾਲਿਸਤਾਨੀ ਹਿੰਸਕ ਨੈੱਟਵਰਕ ਦੀ ਗੱਲ ਵੀ ਕਰ ਰਿਹਾ ਹੈ ਅਤੇ ਵਿਦੇਸ਼ੀ ਦਖ਼ਲਅੰਦਾਜ਼ੀ ਦੀ ਚਿੰਤਾ ਵੀ ਜਿੰਦਾ ਰੱਖਦਾ ਹੈ।

ਕੈਨੇਡਾ ਨੇ ਹੁਣ ਸਾਫ਼ ਕਿਹਾ ਹੈ ਕਿ ਖਾਲਿਸਤਾਨੀ ਹਿੰਸਕ ਅਤਿਵਾਦ ਦਾ ਇਕ ਛੋਟਾ ਪਰ ਸਰਗਰਮ ਹਿੱਸਾ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ। ਇਹ ਗੱਲ ਇਸ ਲਈ ਅਹਿਮ ਹੈ, ਕਿਉਂਕਿ ਭਾਸ਼ਾ ਤਰਜੀਹਾਂ ਬਣਾਉਂਦੀ ਹੈ, ਜਾਂਚ ਦੀ ਦਿਸ਼ਾ ਤੈਅ ਕਰਦੀ ਹੈ, ਅਤੇ ਫੰਡਿੰਗ ਦੀ ਨਿਗਰਾਨੀ ਨੂੰ ਜਾਇਜ਼ ਠਹਿਰਾਉਂਦੀ ਹੈ।ਦੂਸਰੇ ਪਾਸੇ ਕੈਨੇਡਾ ਵਿਚ ਕੱਢੇ ਜਾ ਰਹੇ ਵਿਸਾਖੀ ਨਗਰ ਕੀਤਰਨਾਂ ਵਿਚ ਖਾਲਿਸਤਾਨੀ ਝੰਢੇ ਅਤੇ ਵਾਹਨ ਇਸ ਦੇ ਨਾਲ ਹੀ ਭਾਰਤੀ ਸਰਕਾਰ ਦੇ ਵਿਧਾਇਕਾ ਦੇ ਪੁਤਲੇ ਆਮ ਹੀ ਦੇਖੇ ਜਾ ਸਕਦੇ ਹਨ ਪਰ ਜੋ ਕੈਨੇਡਾ ਸਰਕਾਰ ਦੇ ਕਾਨੂੰਨ ਮੁਤਾਬਿਕ ਜਾਇਜ ਹਨ। ਹਰ ਇਕ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ। ਪਰ ਇਸ ਦੇ ਨਾਲ ਇਕ ਹੋਰ ਅਸੂਲ ਵੀ ਬਚਾ ਕੇ ਰੱਖਣਾ ਪਵੇਗਾ। ਕਿਉਂਕਿ ਸਾਰੇ ਸਿੱਖਾ ਉੱਤੇ ਸ਼ੱਕ ਕਰਨਾ ਸੁਰੱਖਿਆ ਨੂੰ ਮਜ਼ਬੂਤ ਨਹੀਂ ਕਰੇਗਾ; ਉਹ ਜਾਂਚ ਨੂੰ ਕਮਜ਼ੋਰ ਕਰੇਗਾ। ਸ਼ੁੱਧਤਾ, ਸਬੂਤ ਅਤੇ ਤੰਗ ਨਿਸ਼ਾਨੇਵਾਲੀ ਕਾਰਵਾਈ ਹੀ ਉਹ ਰਾਹ ਹੈ ਜਿਸ ਨਾਲ ਹਿੰਸਕ ਨੈੱਟਵਰਕਾਂ ਨੂੰ ਵੱਖ ਕੀਤਾ ਜਾ ਸਕਦਾ ਹੈ, ਅਤੇ ਕਾਨੂੰਨੀ ਅਭਿਵਕਤੀ ਨੂੰ ਬਿਨਾਂ ਨੁਕਸਾਨ ਬਚਾਇਆ ਜਾ ਸਕਦਾ ਹੈ। ਕੈਨੇਡਾ ਲਈ ਅਸਲ ਕਸੌਟੀ ਰਿਪੋਰਟ ਦੀ ਭਾਸ਼ਾ ਨਹੀਂ, ਉਸ ਭਾਸ਼ਾ ਤੋਂ ਬਾਅਦ ਦੀ ਕਾਰਵਾਈ ਹੈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com